

# ਅੰਮ੍ਰਿਤ ਕੀਰਤਨ

ਜੁਲਾਈ 2012



Source : folksoundguy.blogspot.com

ਮੁੱਲ 15/-



# ਪੈਂਤੀ ਅੱਖਰੀ–ਕਾਫ਼ੀਆਂ

## ਅ

ਆਪਾ ਕੁਝ ਨ ਜਾਣਨ ਜਿਹੜੇ
ਉਹੀ ਰਬ ਦੇ ਬੰਦੇ ਹੂ।

ਸਭਨਾ 'ਚ ਰੂਪ ਰਬ ਦਾ ਦੇਖਾਂ,
ਕੀ ਚੰਗੇ ਕੀ ਮੰਦੇ ਹੂ।

ਘਟ ਘਟ ਅੰਦਰ ਸਾਈਂ ਵਸਦਾ,
ਬਾਹਿਰ ਮੌਨ ਦੇ ਜੰਦੇ ਹੂ।

ਸੰਤੋਖ ਵੇਖ ਲੈ ਰੱਬ ਦੀਆਂ ਖੇਡਾਂ
ਵਿਚ ਭਾਣੇ ਰਹਿਣ ਇਹ ਬੰਦੇ ਹੂ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 09814053630

e-mail: drjagirsingh@gmail.com

Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਸੀਸ ਜਿਸਦੇ ਪਾਸ ਹੈ ਹਾਜ਼ਰ ਕਰੇ 5

ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ
ਹਰਿਭਜਨ ਸਿੰਘ 6

ਗੁਰਮਤਿ ਸੰਗੀਤ ਦਾ ਸਮਕਾਲੀ ਅਧਿਆਪਨ
ਡਾ. ਗੁਰਨਾਮ ਸਿੰਘ 8

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁਢਲੀ ਜਾਣਕਾਰੀ
ਡਾ.ਹਰਮਿੰਦਰ ਕੌਰ 11

ਅਨੰਦ ਸਾਹਿਬ ਦੀ ਬਾਣੀ ਵਿਚ ਸਤਿਗੁਰੂ ਦਾ ਸੰਕਲਪ
ਪ੍ਰੋ: ਹਰਪ੍ਰੀਤ ਕੌਰ 17

ਸਿਮਰਨ
ਕਰਮ ਸਿੰਘ ਰਤਨ 21

ਸੁਰ ਲਿਪੀ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26

# ✉ ਮਿਤ੍ਰ ਅਸਾਡੜੇ ਸੇਈ

ਜੂਨ 2012 ਅੰਕ ਪ੍ਰਾਪਤ ਹੋਇਆ। ਗੁਰਬਾਣੀ ਪਰਮੇਸ਼ਰ ਦੀ ਬਾਣੀ ਹੈ, ਕਰਉ ਬੇਨੰਤੀਆ ਸਿਰਲੇਖ ਹੇਠ ਜੋ ਆਪ ਜੀ ਨੇ ਲਿਖਿਆ ਹੈ, ਠੀਕ ਹੈ। ਇਹ ਬਾਣੀ ਮਾਇਆ ਮੰਗਣ ਵਾਲੇ ਨੂੰ ਮਾਇਆ, ਹੋਰ ਦੁਨਿਆਵੀਂ ਵਸਤਾਂ ਮੰਗਣ ਵਾਲੇ ਨੂੰ ਦੁਨਿਆਵੀਂ ਵਸਤਾਂ ਤੇ ਪਰਮੇਸ਼ਰ ਮੰਗਣ ਵਾਲੇ ਨੂੰ ਪਰਮੇਸ਼ਰ ਮਿਲਾਪ ਬਖਸ਼ਦੀ ਹੈ।ਇਸੇ ਵਾਸਤੇ ਕਿਹਾ ਹੈ ਕਿ ਮਾਂਗਣਨਾ ਮਾਂਗਣ ਨੀਕਾ ਹਰਿਜਸ ਗੁਰ ਤੇ ਮਾਂਗਨਾ।ਲੋੜ ਹੈ ਮਨ ਬਚ ਕਰਮ ਕਰਕੇ ਗੁਰਬਾਣੀ ਨਾਲ ਜੁੜਨ ਦੀ।

ਤੰਤੀ ਸਾਜ਼ਾਂ ਬਾਰੇ ਹਰਿਮੰਦਰ ਕੰਗ ਜੀ ਦਾ ਲੇਖ ਪੜ੍ਹਿਆ। ਤਾਊਸ ਸਾਜ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਜ਼ਾਤ ਹੋਇਆ ਸੀ। ਇਕ ਦਿਨ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਸਜ਼ੇ ਦੀਵਾਨ ਵਿਚ ਮੋਰ ਆ ਕੇ ਪੈਲਾਂ ਪਾਉਣ ਲੱਗ ਪਿਆ। ਹਜ਼ੂਰ ਪਾਤਸ਼ਾਹ ਨੇ ਦੇਖ ਕੇ ਹੁਕਮ ਕੀਤਾ ਕਿ ਇਸ ਸ਼ਕਲ ਦਾ ਸਾਜ਼ ਤਿਆਰ ਕੀਤਾ ਜਾਵੇ। ਸਾਜ਼ ਤਿਆਰ ਹੋਣ 'ਤੇ ਇਸ ਦਾ ਨਾਂ ਤਾਊਸ ਰੱਖਿਆ ਗਿਆ। ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਗੁਰਬਾਣੀ ਕੀਰਤਨ ਧਰੁਪਦ ਅੰਗ ਦਾ ਸੀ। ਤਾਊਸ ਦੀ ਆਵਾਜ਼ ਦੰਮਦਾਰ ਅਤੇ ਭਾਰੀ ਹੋਣ ਕਾਰਨ ਇਹ ਧਰੁਪਦ ਅੰਗ ਦਾ ਠੀਕ ਤਰੀਕੇ ਨਾਲ ਸਾਥ ਦੇ ਸਕਦਾ ਸੀ। ਜਿਥੋਂ ਤਕ ਦਿਲਰੁਬਾ ਬਾਰੇ ਜੋ ਕਿਹਾ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੀ ਹੀ ਦੇਣ ਹੈ। ਸਰੋਤ ਹੈ ਕਿ ਦਸਮ ਪਾਤਸ਼ਾਹ ਦੇ ਦਰਬਾਰ ਵਿਚ ਮਹਾਂਰਾਸ਼ਟਰ ਤੋਂ ਇਕ ਬੀਬੀ ਆਈ ਸੀ ਜੋ ਪਾਤਸ਼ਾਹ ਦੀ ਸੇਵਕ ਹੋਣ ਤੋਂ ਇਲਾਵਾ ਸੰਗੀਤਕਾਰ ਵੀ ਸੀ ਉਸਨੇ ਹਜ਼ੂਰ ਦੇ ਦਰਬਾਰ ਵਿਚ ਕੀਰਤਨ ਕੀਤਾ ਜੋ ਠੁਮਰੀ ਆਧਾਰਤ ਸੀ। ਇਸ ਸਮੇਂ ਹੀ ਦਿਲਰੁਬਾ ਅਤੇ ਤਬਲੇ ਦੀ ਇਜਾਦ ਹੋਈ। ਨੌਵੇਂ ਪਾਤਸ਼ਾਹ ਜਿੱਥੇ ਤਲਵਾਰ ਦੇ ਧਨੀ ਸਨ ਉਥੇ ਮਿਰਦੰਗ ਵੀ ਬਹੁਤ ਅੱਛੀ ਤਰ੍ਹਾਂ ਵਜਾਉਂਦੇ ਸਨ। ਬਾਅਦ ਵਿਚ ਉਹਨਾਂ ਨੇ ਆਪਣੀ ਨਿੱਜੀ ਮਿਰਦੰਗ ਆਪਣੇ ਸੇਵਕ ਸਿੱਖ ਨੂੰ ਸੌਂਪ ਦਿੱਤੀ ਸੀ। ਦਸਮ ਪਿਤਾ ਜੀ ਦੀ ਬਾਣੀ ਵਿਚ ਹੁਣ ਵੀ ਮਿਰਦੰਗ ਦੇ ਬੋਲ ਪੁਰਾਣੇ ਰਾਗੀਆਂ ਤੋਂ ਸੁਣਨ ਨੂੰ ਮਿਲਦੇ ਹਨ। ਇਸ ਬਾਰੇ ਹੋਰ ਖੋਜ ਦੀ ਲੋੜ ਹੈ।

ਜੋਗਿੰਦਰ ਸਿੰਘ ਭਸੀਣ, 413, ਸੈਕਟਰ 44 ਏ, ਚੰਡੀਗੜ੍ਹ

ਜੂਨ ਦਾ ਅੰਮ੍ਰਿਤ ਕੀਰਤਨ ਮਿਲਿਆ ਹੈ ਪੜ੍ਹ ਕੇ ਬਹੁਤ ਖੁਸ਼ੀ ਹੋਈ ਕਰਉ ਬੇਨਤੀਆਂ 'ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ' ਡਾ. ਜਾਗੀਰ ਸਿੰਘ ਜੀ ਦੀ ਤਹਿਰੀਰ ਕਾਬਲੇ ਤਾਰੀਫ਼ ਸੀ ਗੁਰਬਾਣੀ ਨੂੰ ਮਹਿਸੂਸ ਕਰਕੇ ਗਾਉਣਾ ਚਾਹੀਦਾ ਹੈ। ਮੈਂ ਵੀ ਕਦੇ ਕਦੇ ਤਬਲੇ ਵਾਲੇ ਸਿੰਘ ਨੂੰ ਕਹਿੰਦਾ ਹਾਂ, ਸੰਗਤ ਹੋਵੇ ਜਾ ਨਾ ਚਾਹੇ ਨਾ ਹੋਵੇ ਗੁਰਬਾਣੀ ਨੂੰ ਪ੍ਰੇਮ ਨਾਲ ਗਾਉਣਾ ਚਾਹੀਦਾ ਹੈ ਕਿਉਂਕਿ ਕਦੇ ਕਦੇ ਤਬਲੇ ਵਾਲਾ ਤਬਲਾ ਤੇਜ਼ ਕਰ ਦਿੰਦਾ ਹੈ ਲੈਅ ਤੇਜ਼ ਕਰ ਦਿੰਦਾ ਹੈ।ਮੈਂ ਉਹਨਾਂ ਨੂੰ ਕਹਿੰਦਾ ਹਾਂ ਕਿ ਆਪਾਂ ਟਾਈਮ ਨੂੰ ਪਾਸ ਨਹੀਂ ਕਰਨਾ ਆਪਾਂ ਸਮੇਂ ਨੂੰ ਸਫਲ ਕਰਨਾ ਹੈ ਚਾਹੇ ਸੰਗਤ ਨਾ ਹੋਵੇ ਪਰ ਗੁਰੂ ਸਾਹਿਬ ਤਾਂ ਹਾਜ਼ਰ ਨਾਜ਼ਰ ਹਨ। ਆਪਾ ਗੁਰੂ ਸਾਹਿਬ ਨੂੰ ਬਾਣੀ ਸੁਣਾਉਣੀ ਹੈ। ਇਸ ਕਰਕੇ ਤਬਲੇ ਦੀ ਲੈਅ ਘੱਟ ਰਖਿੱਆ ਕਰੋ ਜਿਆਦਾ ਅਨੰਦ ਆਵੇਗਾ ।

ਡਾ. ਗੁਰਨਾਮ ਸਿੰਘ ਦਾ ਲੇਖ ''ਗੁਰਮਤਿ ਸੰਗੀਤ ਦੇ ਪ੍ਰਮੁੱਖ ਰਾਗ ਸਰੋਤ' ਖੋਜ ਭਰਪੂਰ ਲੇਖ ਸੀ, ਬਲਬੀਰ ਸਿੰਘ ਕੰਵਲ ਲੰਡਨ ਦਾ ਲੇਖ 'ਕੀਰਤਨ, ਕੌਮ ਅਤੇ ਕੱਟੜਤਾ' ਬਹੁਤ ਪਸੰਦ ਆਈ। ਇਸ ਲੇਖ ਦੀ ਤਰ੍ਹਾਂ ਮੇਰੇ ਨਾਲ 2 -3 ਵਾਰ ਹੋਇਆ ਕਿ ਕੁਝ ਕੱਟੜ ਸਿੰਘ ਕਿਸੇ ਧਾਰਮਿਕ ਸੰਸਥਾ ਦੇ ਮੈਂਬਰ ਮੈਨੂੰ ਬਾਜ਼ਾਰ ਵਿਚ ਮਿਲੇ (ਜੋ ਕਿ ਮਲੋਟ ਦੇ ਹੀ ਵਸਨੀਕ ਸਨ) ਮੈਨੂੰ ਕਹਿਣ ਲੱਗੇ ਕਿ ਭਾਈ ਸਾਹਿਬ ਤੁਸੀ ਗੈਰ ਸਿੱਖਾਂ ਨੂੰ ਕੀਰਤਨ (ਸੰਗੀਤ) ਨਾ ਸਿਖਾਇਆ ਕਰੋ ਮੈਂ ਕਿਹਾ ਮਾਸਟਰ ਦਾ ਕੰਮ ਹੈ ਪੜਾਈ ਕਰਾਉਣੀ ਚਾਹੇ ਉਹ ਕਿਸੇ ਵੀ ਕੌਮ ਦਾ ਵਿਦਿਆਰਥੀ ਹੋਵੇ ਚਾਹੇ, ਉਹ ਕਿਸੇ ਵੀ ਧਰਮ ਨੂੰ ਮੰਨਦਾ ਹੋਵੇ ਉਸਦਾ ਕੰਮ ਹੈ ਸਿੱਖਿਆ ਦੇਣਾ।

ਕਰਮ ਸਿੰਘ ਰਤਨ ਦਾ ਲੇਖ ਪਾਸੰਗ 'ਪਾਪਨ ਪੁਜਨੀ ਲੇਖ' ਮਨ ਨੂੰ ਬਹੁਤ ਚੰਗਾ ਲੱਗਾ। ਸੁਖਵਿੰਦਰ ਸਿੰਘ ਵਲੋਂ ਟੈਗੋਰ ਅਕੈਡਮੀ ਰਤਨ ਅਵਾਰਡੀ ਪ੍ਰੋ. ਕਰਤਾਰ ਸਿੰਘ ਜੀ ਬਾਰੇ ਉਨ੍ਹਾਂ ਨੂੰ ਜਿਹੜੇ ਜਿਹੜੇ ਮਾਨ ਸਨਮਾਨ ਮਿਲੇ ਉਨ੍ਹਾਂ ਬਾਰੇ ਜਾਣਕਾਰੀ ਦੇਣ ਲਈ ਬਹੁਤ ਹੀ ਧੰਨਵਾਦ।

ਪ੍ਰੋ' ਮੰਗਤ ਸਿੰਘ ਮਸਤਾਨਾ, c/o ਸੰਗਮ ਰੇਡੀਓ ਐਂਡ ਟੀ.ਵੀ. ਕਾਲਜ (ਰਜਿ) ਜੀ.ਟੀ.ਰੋਡ, ਮਲੋਟ 152107 ਜ਼ਿਲਾ ਸ੍ਰੀ ਮੁਕਤਸਰ ਸਾਹਿਬ

## ਕਰਉ ਬੇਨੰਤੀਆ

# ਸੀਸ ਜਿਸਦੇ ਪਾਸ ਹੈ ਹਾਜ਼ਰ ਕਰੇ

ਅਗਲੇ ਪੰਨਿਆਂ 'ਤੇ ਡਾ. ਹਰਭਜਨ ਸਿੰਘ ਦੀ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਤਸਾਨ' ਛਾਪ ਰਹੇ ਹਾਂ। ਇਸ ਕਵਿਤਾ ਨੂੰ ਮੈਂ ਜਿੰਨੀ ਵਾਰੀ ਵੀ ਪੜ੍ਹਿਆ ਹੈ, ਇਸ ਨੇ ਮੇਰੇ ਅੰਦਰ ਇਕ ਹਲਚਲ ਪੈਦਾ ਕੀਤੀ ਹੈ। ਇਸ ਨੂੰ ਅਸੀਂ ਅੰਮ੍ਰਿਤ ਕੀਰਤਨ ਵਿਚ ਪਹਿਲਾਂ ਵੀ ਛਾਪਿਆ ਸੀ ਤੇ ਅੱਗੋਂ ਵੀ ਛਾਪਾਂਗੇ। ਇਸ ਕਵਿਤਾ ਨੂੰ ਪੜ੍ਹ ਕੇ ਜਾਪਦਾ ਹੈ ਕਿ ਡਾ. ਹਰਭਜਨ ਸਿੰਘ ਨੇ ਗੁਰਬਾਣੀ ਦੇ ਸਿਧਾਂਤ ਨੂੰ ਜਿਵੇਂ ਆਤਮਸਾਤ ਕੀਤਾ ਹੋਵੇ। ਇਸ ਕਵਿਤਾ ਵਿਚ 'ਸੀਸ' ਦੀ ਗੱਲ ਕੀਤੀ ਗਈ ਹੈ। ਗੁਰਬਾਣੀ ਵਿਚ ਸੀਸ ਬਾਰੇ ਕੀ ਕਥਨ ਹਨ ਪਹਿਲਾਂ ਇਹਨਾਂ ਨੂੰ ਵਾਚੀਏ ਫਿਰ ਡਾ. ਹਰਭਜਨ ਸਿੰਘ ਦੀ ਕਵਿਤਾ ਦਾ ਪਾਠ ਕਰੀਏ। ਇਸ ਕਵਿਤਾ ਦਾ ਪੂਰਾ ਆਨੰਦ ਲੈਣ ਲਈ ਪਹਿਲਾਂ ਇਸ ਨੂੰ ਆਪ ਪੜ੍ਹਨਾ ਅਤੇ ਫਿਰ ਕਿਸੇ ਹੋਰ ਨੂੰ ਪੜ੍ਹ ਕੇ ਸੁਣਾਉਣਾ। ਇਸ ਉਪਰੰਤ ਜੋ ਤੁਹਾਡੇ ਮਨ ਵਿਚ ਭਾਵ ਪੈਦਾ ਹੋਵੇ ਉਸ ਨੂੰ ਸਾਡੇ ਨਾਲ ਵੀ ਸਾਂਝਾ ਕਰ ਲੈਣਾ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

*****

ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥੪॥

*****

ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ ॥

*****

ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ ॥

*****

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥

*****

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥

*****

ਇਹੁ ਸਿਰੁ ਦੀਜੈ ਆਪੁ ਗਵਾਏ ॥

*****

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥

ਭੁੱਲ ਚੁੱਕ ਖਿਮਾ.............

# ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ

**ਹਰਿਭਜਨ ਸਿੰਘ**

ਉਦੋਂ ਹਾਜ਼ਰ ਸਾਂ ਮੈਂ
ਤੇਰੇ ਹੱਥ ਵਿਚ ਜਦੋਂ ਤਲਵਾਰ
ਨੰਗੀ ਪਿਆਸ ਵਾਂਗੂੰ ਤੜਫੜਾਈ ਸੀ
ਲਹਿਰਦਾ, ਸੁਲਗਦਾ ਮੇਲਾ
ਜਦੋਂ ਸੁੱਕੇ ਸਰੋਵਰ ਵਾਂਗ ਗੁਮ ਸੁਮ ਬੁਝ ਗਿਆ ਸੀ
ਦੂਰ ਤੀਕਰ ਚੁੱਪ ਦੇ ਬੰਜਰ ਵਿਛੇ ਸਨ
ਜਿਨ੍ਹਾਂ ਦੇ ਵਿਚ ਸਵਾਸ ਵੀ ਉੱਗਦਾ ਨਹੀਂ ਪੂਰਾ

ਉਦੋਂ ਹਾਜ਼ਰ ਸਾਂ ਮੈਂ
ਤੇਰੇ ਮੂੰਹੋਂ ਜਦੋਂ ਇਕ ਬੋਲ ਦਾ ਟੁਕੜਾ
ਸੁਲਗਦੀ ਲਾਟ ਵਾਂਗੂੰ ਨਿਕਲਿਆ ਸੀ:
'ਸੀਸ ਜਿਸ ਦੇ ਪਾਸ ਹੈ ਹਾਜ਼ਰ ਕਰੇ'
ਉਦੋਂ ਬੇਸੀਸ ਬੰਦੇ ਵਾਂਗ ਮੇਰੀ ਹਾਜ਼ਰੀ ਸੀ
ਮੇਰੇ ਸੀਨੇ 'ਚ ਮੇਰੀ ਜਾਨ
ਅਚੇਤੀ ਲਹਿਰ ਵਾਂਗੂੰ ਤ੍ਰਭਕ ਕੇ ਉੱਠੀ
ਤੇ ਫਿਰ ਡੀਕੀ ਨਦੀ ਦੀ ਲਹਿਰ ਵਾਂਗੂੰ ਸੌਂ ਗਈ।
ਮੈਂ ਆਪਣੇ ਆਪ ਦੀ ਇਕ ਲੀਕ
ਆਪਣੀ ਹਾਜ਼ਰੀ ਤੋਂ ਬਿਨ ਉਦੋਂ ਕੁਝ ਵੀ ਨਹੀਂ ਸਾਂ
ਮੈਂ ਆਪਣੀ ਥਾਂ ਤੇ ਬੈਠਾ ਸਾਂ ਬਿਰਛ ਵਾਂਗੂੰ
ਜਿਨੂੰ ਮੁੱਢੋਂ ਕਿਸੇ ਦੋ ਚਾਰ ਹੱਥ ਛੱਡ ਕੇ
ਸਬੂਤਾ ਵੱਢ ਦਿੱਤਾ ਸੀ
ਨਿਰੀ ਨੰਗੀ ਨਿਕੱਦੀ ਹੀਣਤਾ
ਮੇਰੇ ਉਪਰ ਮੇਰੀ ਆਪਣੀ ਵੀ ਛਾਂ ਕੋਈ ਨਹੀਂ ਸੀ

ਉਦੋਂ ਹਾਜ਼ਰ ਸਾਂ ਮੈਂ
ਤੇਰੀ ਤੱਕਣੀ ਜਦੋਂ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚੋਂ ਅੰਦਰ ਝਾਕਦੀ ਸੀ
ਮੇਰੇ ਅੰਦਰ ਜੋ ਇਕ ਸੂਰਜ ਜਿਹਾ ਤੂੰ ਬਾਲ ਧਰਿਆ ਸੀ
ਉਹਦੇ ਚਾਨਣ 'ਚ ਮੇਰੀ ਹਉਂ ਵਿਆਕੁਲ ਸੀ
ਮੈਂ ਆਪਣੇ ਆਪ ਨੂੰ ਪੁੱਛਦਾ ਪਿਆ ਸਾਂ
ਮੇਰੇ ਧੜ ਤੇ ਮੇਰਾ ਸਿਰ ਹੈ ਜਾਂ ਸਿਰ ਦਾ ਦੰਭ ਹੈ
ਜੋ ਵਿਖਾਇਆ ਜਾ ਤਾਂ ਸਕਦੈ
ਵਰਤਿਆ ਬਿਲਕੁਲ ਨਹੀਂ ਜਾਂਦਾ
ਮੈਂ ਆਪਣਾ ਆਪ ਹਾਂ ਜਾਂ ਅਜਨਬੀ ਹਾਂ
ਮੈਂ ਗੁਰੂ ਦਰਬਾਰ ਵਿਚ ਬੈਠਾ ਪੁਰਖ ਹਾਂ
ਜਾਂ ਨਾਰ ਹਾਂ
ਜੋ ਘਰੋਂ ਨਿਕਲੀ ਤਾਂ ਸੀ
ਪਿੰਡੇ ਤੇ ਇਕ ਵਾਫਰ ਜਿਹਾ ਅੰਗ ਜੋੜ ਕੇ
ਪਰ ਭਰੇ ਚਾਨਣ, ਭਰੇ ਬਾਜ਼ਾਰ ਸਭ ਦੇ ਸਾਮ੍ਹਣੇ
ਅੰਗ ਭੁਰਿਆ
ਨਾਰ ਦਾ ਬੁੱਚਾ ਅਸਲ ਸਭ ਤੇ ਉਜਾਗਰ ਹੋ ਗਿਆ
ਮੈਨੂੰ ਹੁਣ ਆਪਣੀ ਹੀ ਹਾਜ਼ਰੀ ਇਕ ਭਾਰ ਲਗਦੀ ਸੀ
ਤੇ ਭਰੇ ਮੇਲੇ ਦੀ ਚੁੱਪ
ਬੋਝ ਸੀ ਉਪਹਾਸ ਦਾ

ਤੇ ਚਮਤਕਾਰਾ ਜਦੋਂ ਹੋਇਆ
ਉਦੋਂ ਹਾਜ਼ਰ ਸਾਂ ਮੈਂ
ਮੇਰੇ ਲਾਗੇ ਹੀ ਬੈਠਾ ਸੀ ਚਮਤਕਾਰੀ
ਜਿਨ੍ਹੇ ਆਪਣੇ ਹੀ ਹੱਥੀਂ ਸੀਸ ਲਾਹ ਕੇ ਆਪਣਾ
ਸਹਿਜੇ ਟਿਕਾ ਦਿੱਤਾ ਤੇਰੇ ਚਰਨੀਂ

ਤੇਰੇ ਹੱਥ ਵਿਚ ਅਚਲ ਤਲਵਾਰ ਵੀ
ਛਿਣ ਭਰ ਲਈ ਥੱਰਰਾ ਗਈ ਸੀ
ਮੁਅਜਜ਼ਾ ਤੱਕ ਕੇ
ਸੀਸ ਵਾਲੇ ਸੀਸ ਅਰਪਨ ਵਾਸਤੇ
ਤਲਵਾਰ ਦੇ ਮੁਹਤਾਜ ਨਹੀਂ ਹੁੰਦੇ

ਚਮਤਕਾਰੀ ਨੇ ਆਪਣਾ ਸੀਸ
ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ
ਜਿਵੇਂ ਅੰਬਰ ਦੇ ਪੈਰੀਂ
ਨਿਤ ਸਵੇਰਾ ਆਪਣਾ ਸੂਰਜ ਬਾਲ ਧਰਦਾ ਹੈ
ਤ੍ਰਭਕ ਕੇ ਉੱਠੀ ਸੀ ਮੇਰੀ ਜਾਨ
ਮੁੜ ਕੇ ਵਿਰਲ 'ਚੋਂ ਡੁੱਲ੍ਹ ਜਾਣ ਲਈ
ਕੀਲ ਵਿਚ ਬੱਝਾ ਹੋਇਆ ਮੇਲਾ
ਰਤਾ ਕੁ ਹਿੱਲ ਕੇ ਥਿਰ ਹੋ ਗਿਆ
ਚੁੱਪ ਬਰੜਾਈ ਰਤਾ ਤੇ ਫਿਰ ਬਰੇਤੇ ਸੌਂ ਗਈ

ਤੇ ਚਮਤਕਾਰੀ ਪੁਰਖ ਇਕ ਹੋਰ
ਹੋਰ ਤੇ ਇਕ ਹੋਰ ਤੇ ਇਕ ਹੋਰ
ਇਕ ਗਗਨ ਇਕੋਂ ਸਮੇਂ
ਕਈ ਸੂਰਜ ਉਦੈ ਹੋਏ
ਤੇ ਮੈਂ ਬੇਸੀਸਾ ਧੀਰਿਆ:
ਸ਼ੁਕਰ ਹੈ, ਹੁਣ ਗੁਰੂ ਨੂੰ ਲੋੜ ਨਹੀਂ

ਤੇ ਜਦੋਂ ਤੂੰ ਸੀਸ ਨੂੰ
ਦਸਤਾਰ ਦਾ ਸਤਿਕਾਰ ਦੇ ਕੇ
ਤਖਤ ਉੱਤੇ ਪਾਸ ਆਪਣੇ ਹੀ ਬਿਠਾਇਆ ਸੀ
ਮੈਂ ਝੂਰਿਆ :
ਹਾਇ ਜੇ ਪਹਿਲਾਂ ਪਤਾ ਹੁੰਦਾ
ਕਿ ਏਨਾ ਪਿਆਰ ਦੇ ਕੇ
ਸਤਿਗੁਰੂ ਨੇ ਸੀਸ ਵਾਪਸ ਮੋੜ ਦੇਣਾ ਹੈ
ਤਾਂ ਮੈਂ...
ਤਾਂ ਮੈਂ...

ਮੰਨਿਆ ਕਿ ਮੇਰੇ ਧੜ ਤੇ ਮੇਰਾ ਸੀਸ ਨਹੀਂ
ਸੀਸ ਦਾ ਪਾਖੰਡ ਤਾਂ ਹੈ
ਮੈਂ ਇਹ ਪਾਖੰਡ ਹੀ ਆਪਣੇ ਗੁਰੂ ਨੂੰ ਭੇਟ ਕਰਦਾ
ਪਰ ਨਹੀਂ
ਤੇਰੀ ਤੱਕਣੀ ਅਜੇ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚੋਂ ਅੰਦਰ ਝਾਕਦੀ ਸੀ
ਮੇਰੇ ਅੰਦਰ ਜੋ ਤੂੰ ਸੂਰਜ ਜਿਹਾ ਇਕ ਬਾਲ ਧਰਿਆ ਸੀ
ਉਹ ਜਿਉਂਦਾ-ਜਾਗਦਾ ਸੀ
ਤੇ ਕਹਿ ਰਿਹਾ ਸੀ:
ਏਸ ਥਾਵੇਂ ਦੰਭ ਦਾ ਸਿੱਕਾ ਨਹੀਂ ਚੱਲਦਾ
ਸੀਸ ਅਰਪਨ ਦਾ ਸਦਾ ਵੇਲਾ ਹੈ, ਪਰ
ਆਪਣੇ ਧੜ 'ਤੇ ਸੀਸ ਪੈਦਾ ਕਰ

ਮੈਂ ਤੇਰੇ ਦਰਬਾਰ ਵਿਚ
ਹਾਲੇ ਵੀ ਹਾਜ਼ਰ ਹਾਂ
ਮੈਂ ਆਪਣੇ ਥਾਂ ਤੇ ਬੈਠਾ ਹਾਂ
ਬਿਰਛ ਵਾਂਗੂੰ
ਜਿਹਨੂੰ ਮੁੱਢੋਂ ਕਿਸੇ ਦੇ ਚਾਰ ਹੱਥ ਛਡ ਕੇ
ਸਬੂਤਾ ਵੱਢ ਦਿੱਤਾ ਹੈ
ਮੇਰੇ ਧੜ ਤੇ ਅਜੇ ਤੀਕਰ ਵੀ ਮੇਰਾ ਸੀਸ ਨਹੀਂ
ਹੁਣ ਸੀਸ ਦਾ ਪਾਖੰਡ ਵੀ ਨਹੀਂ
ਸੋਚਦਾ ਹਾਂ:
ਮੇਰੇ ਧੜ ਤੇ ਨਵੇਂ ਸੂਰਜ ਜਿਹਾ
ਜਦ ਸੀਸ ਉੱਗੇਗਾ
ਰੌਸ਼ਨੀ ਉਸ ਦੀ,
ਗੁਰੂ ਦਾ ਨਾਮ ਲੈ ਕੇ, ਅਰਪ ਦੇਵਾਂਗਾ
ਨਿਰੀ ਨੰਗੀ ਨਿਕੱਦੀ ਹੀਣਤਾ
ਮੈਥੋਂ ਹੁਣ ਜੀਵੀ ਨਹੀਂ ਜਾਂਦੀ।

ਪੁਸਤਕ : 'ਮੈਂ ਜੋ ਬੀਤ ਗਿਆ' ਵਿਚੋਂ ਧੰਨਵਾਦ ਸਹਿਤ

# ਗੁਰਮਤਿ ਸੰਗੀਤ ਦਾ ਸਮਕਾਲੀ ਅਧਿਆਪਨ

ਡਾ. ਗੁਰਨਾਮ ਸਿੰਘ

ਗੁਰੂ ਸਾਹਿਬਾਨ ਦੁਅਰਾ ਵਰੋਸਾਈ ਗੁਰਮਤਿ ਸੰਗੀਤ ਪਰੰਪਰਾ ਦੀ ਸਿੱਖਿਆ ਦਾ ਆਰੰਭ ਵੀ ਗੁਰੂ ਕਾਲ ਤੋਂ ਹੀ ਹੋ ਗਿਆ ਸੀ। ਰਬਾਬੀ ਵੰਸਜ਼ ਸੀਨਾ-ਬ-ਸੀਨਾ ਕੀਰਤਨ ਕਲਾ ਦੀ ਸਿੱਖਿਆ ਗ੍ਰਹਿਣ ਕਰਦੇ ਰਹੇ। ਗੁਰੂ ਅਰਜਨ ਪਾਤਸ਼ਾਹ ਨੇ ਸਾਧਾਰਣ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਅਤੇ ਸਿੱਖਣ ਦੀ ਭਰਪੂਰ ਪ੍ਰੇਰਨਾ ਦਿੱਤੀ। ਗੁਰੂ ਕਾਲ ਤੋਂ ਬਾਅਦ ਗੁਰਮਤਿ ਵਿਦਿਆ ਦੀ ਸਿਖਲਾਈ ਲਈ ਟਕਸਾਲਾਂ ਦੀ ਭੂਮਿਕਾ ਅਹਿਮ ਹੈ ਅਤੇ ਵਰਤਮਾਨ ਸਮੇਂ ਇਹ ਟਕਸਾਲੀ ਵਿਦਿਆ ਕੁਝ ਟਕਸਾਲਾਂ ਦੇ ਨਾਲ-ਨਾਲ ਵੱਖ-ਵੱਖ ਸੰਸਥਾਵਾਂ ਵਜੋਂ ਸਥਾਪਤ ਵਿਦਿਅਕ ਸੰਸਥਾਵਾਂ ਦੁਆਰਾ ਕਰਵਾਈ ਜਾਣ ਲੱਗ ਪਈ ਹੈ ਅਤੇ ਵੱਖ-ਵੱਖ ਯੂਨੀਵਰਸਿਟੀਆਂ ਵੀ ਗੁਰਮਤਿ ਦੀ ਬਹੁਪੱਖੀ ਖੋਜ ਤੇ ਅਧਿਐਨ ਕਰਵਾਉਣ ਲਈ ਵਿਸ਼ੇਸ਼ ਰੂਪ ਵਿਚ ਸਰਗਰਮ ਭੂਮਿਕਾ ਨਿਭਾ ਰਹੀਆਂ ਹਨ। ਸਿੱਖ ਧਰਮ, ਤੁਲਨਾਤਮਕ ਧਰਮ ਅਧਿਐਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਵਿਧ ਅਧਿਐਨ ਦੇ ਨਾਲ-ਨਾਲ ਪਿਛਲੇ ਅੱਠ ਸਾਲਾਂ ਤੋਂ ਗੁਰਮਤਿ ਸੰਗੀਤ ਵੀ ਪੰਜਾਬੀ ਯੂਨੀਵਰਸਿਟੀ ਵਿਚ ਖੋਜ ਤੇ ਅਧਿਐਨ ਦੇ ਵਿਸ਼ੇ ਵਜੋਂ ਸੰਸਥਾਗਤ ਰੂਪ ਵਿਚ ਅਕਾਦਮਿਕ ਸਥਾਪਤੀ ਗ੍ਰਹਿਣ ਕਰ ਚੁੱਕਾ ਹੈ।

ਵਿਦਿਆਕ ਪੱਖੋਂ ਪਛੜੇ ਤੇ ਕਚ ਘਰੜ ਪ੍ਰਚਾਰਕਾਂ, ਕਥਾਕਾਰਾਂ ਤੇ ਕੀਰਤਨਕਾਰਾਂ ਦਾ ਪੱਧਰ ਉੱਚਾ ਚੁੱਕਣ ਲਈ ਸੰਸਥਾਵਾਂ ਦੇ ਮੋਹਰੀ ਤੇ ਸੰਤ ਮਹਾਂਪੁਰਖ ਚਿੰਤਾਂ ਤਾਂ ਜ਼ਰੂਰ ਜਤਾ ਰਹੇ ਹਨ ਪਰੰਤੂ ਗੁਰਮਤਿ ਵਿਦਿਆ ਦੇ ਅਕਾਦਮਿਕ ਸਤਰ ਨੂੰ ਉੱਚਾ ਚੁੱਕਣ ਲਈ ਯਤਨ ਨਾਮਾਤਰ ਹੀ ਹਨ। ਕਾਰਨ ਇਹ ਹੈ ਕਿ ਇਸ ਸਮੱਸਿਆ ਦਾ ਹੱਲ ਕਰਨ ਵਾਲੇ ਵੈਦ ਖ਼ੁਦ ਬੀਮਾਰ ਤੇ ਢਿੱਲੇ ਮੱਠੇ ਹਨ। ਗ਼ੈਰ ਅਕਾਦਮਿਕ ਅਵਿਗਿਆਨਕ ਸੰਤੁਲਤ ਸੋਚ ਵਿਚੋਂ ਸਾਂਵੇ ਸਿਹਤਮੰਦ ਨਤੀਜਿਆਂ ਦੀ ਆਸ ਇਕ ਸੁਪਨਾ ਜਿਹਾ ਬਣ ਗਿਆ ਹੈ।ਅਜਿਹੀ ਸਥਿਤੀ ਵਿਚ ਇਨ੍ਹਾਂ ਸਾਰੀਆਂ ਸੰਸਥਾਵਾਂ ਦਾ ਵਿਦਿਅਕ ਉਦੇਸ਼ ਇਕੋ ਚਾਹੀਦਾ ਹੈ ਭਾਵੇਂ ਉਹ ਆਪੋ ਆਪਣੇ ਵਿਦਿਅਕ ਸੰਸਥਾ ਦੀ ਪੈਦਾਵਾਰ ਸਿਖਿਆਰਥੀਆਂ ਨੂੰ ਸੰਭਾਵੀ ਖੇਤਰ ਵਿਚ ਪ੍ਰਯੋਗ ਕਰਨ ਵਿਚ ਭਿੰਨਤਾ ਹੀ ਕਿਉਂ ਨਾ ਰੱਖਦੇ ਹੋਣ।

ਉਕਤ ਸਥਿਤੀ ਦੇ ਸਨਮੁਖ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨਾਲ ਅਸੀਂ ਵੱਖ-ਵੱਖ ਕੋਰਸਾਂ ਦੇ ਦਾਖਲਿਆਂ ਦੇ ਦਿਨਾਂ ਵਿਚ ਕੁਝ ਜਾਣਕਾਰੀ ਜ਼ਰੂਰ ਦੇਣਾ ਚਾਹੁੰਦੇ ਹਾਂ। ਵਿਦਿਆਰਥੀਓ, ਦਸਵੀਂ ਜਾਂ ਬਾਰਵੀਂ ਤੋਂ ਬਾਅਦ ਤੁਹਾਡੇ ਜ਼ਿੰਦਗੀ ਦੇ ਚਾਰ ਪੰਜ ਸਾਲ ਤੁਹਾਡੀ ਜ਼ਿੰਦਗੀ ਦਾ ਅਨਮੋਲ ਸਰਮਾਇਆ ਹਨ। ਇਸ ਸਮੇਂ ਤੁਹਾਡੇ ਵਿਚ ਹਰ ਪੱਖੋਂ ਏਨੀ ਜ਼ਿਆਦਾ ਸ਼ਕਤੀ ਤੇ ਸਮਰੱਥਾ ਹੈ ਕਿ ਤੁਸੀਂ ਜੋ ਚਾਹੋ ਉਹ ਮੰਜ਼ਲ ਹਾਸਲ ਕਰ ਸਕਦੇ ਹੋ। ਤੁਹਾਨੂੰ ਦ੍ਰਿੜ ਇੱਛਾ, ਸ਼ਕਤੀ, ਸਾਧਨਾ, ਸਹੀ ਮਾਰਗ ਤੇ ਸਹੀ

ਮਾਰਗਦਰਸ਼ਨ ਦੀ ਜ਼ਰੂਰਤ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਜਿੱਥੇ ਧਾਰਮਿਕ ਪੱਖੋਂ ਸਤਿਕਾਰਿਤ ਵਿਸ਼ਾ ਹੈ ਉੱਥੇ ਕਿੱਤੇ ਪੱਖੋਂ ਵੀ ਇਹ ਲਾਹੇਵੰਦ ਹੈ। ਦੇਸ ਵਿਦੇਸ ਵਿਚ ਗੁਰਦੁਆਰਾ ਸਾਹਿਬਾਨ ਤੇ ਸਿੱਖ ਵਿਦਿਅਕ ਸੰਸਥਾਵਾਂ ਵਿਚ ਇਸ ਵਿਸ਼ੇ ਦੇ ਮਾਹਰ ਕੀਰਤਨੀਆਂ ਤੇ ਅਧਿਆਪਕਾਂ ਦੀ ਬੇਹੱਦ ਜ਼ਰੂਰਤ ਹੈ ਕਿਉਂਕਿ ਕੀਰਤਨੀਏ ਭਾਵੇਂ ਕੀਰਤਨ ਪੇਸ਼ਕਾਰੀ ਪੱਖੋਂ ਲੋਕਪ੍ਰਿਯ ਤੇ ਸਫ਼ਲ ਕਿਉਂ ਨਾ ਹੋਣ ਅਕਾਦਮਿਕ ਤੌਰ ਤੇ ਅਸਿੱਖਿਅਤ ਹੋਣ ਕਰਕੇ ਉਹ ਇਸ ਸਿੱਖਿਆ ਨੂੰ ਅੱਗੇ ਸਿਖਾਉਣ ਵਿਚ ਬਹੁਤੇ ਸਫ਼ਲ ਨਹੀਂ ਹੋ ਰਹੇ ਅਤੇ ਉਹ ਆਪਣੇ ਰੁਝੇਵਿਆਂ ਕਾਰਨ ਨਿਰੰਤਰ ਤੌਰ 'ਤੇ ਸਿਖਾਉਣ ਵਿਚ ਕਾਮਯਾਬ ਨਹੀਂ ਰਹਿੰਦੇ। ਇਸ ਲਈ ਤੁਹਾਨੂੰ ਸਫ਼ਲ ਕੀਰਤਨਕਾਰ ਅਧਿਆਪਕ ਬਣਨ ਦਾ ਰਾਹ ਚੁਣਨਾ ਚਾਹੀਦਾ ਹੈ ਜੋ ਗੁਰਮਤਿ ਅਤੇ ਸੰਗੀਤ ਦੀ ਸਾਧਨਾ ਤੇ ਸਿੱਖਿਆ ਦੇ ਸੁਮੇਲ ਵਿਚ ਪ੍ਰਾਪਤ ਹੋਵੇਗਾ।

ਪੰਜਾਬੀ ਯੂਨੀਵਰਸਿਟੀ ਨੇ ਤੁਹਾਡਾ ਰਾਹ ਕੁਝ ਸੁਖਾਲਾ ਕੀਤਾ ਹੈ। ਤੁਹਾਨੂੰ ਪਤਾ ਹੈ ਕਿ ਇਸ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਚੇਅਰ ਤੇ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਹੋ ਚੁੱਕੀ ਹੈ। ਇਸ ਸੰਸਥਾ ਵਲੋਂ ਹੇਠ ਲਿਖੇ ਕੋਰਸ ਨਿਰੰਤਰ ਕਰਵਾਏ ਜਾ ਰਹੇ ਹਨ ਜੋ ਇਸ ਪ੍ਰਕਾਰ ਹਨ :

1. ਪੰਜਾਬੀ ਯੂਨੀਵਰਸਿਟੀ ਵਲੋਂ ਅੱਠਵੀਂ ਜਾਂ ਦਸਵੀਂ ਤੋਂ ਘੱਟ ਵਿਦਿਅਕ ਯੋਗਤਾ ਵਾਲੇ ਵਿਦਿਆਰਥੀਆਂ ਲਈ ਇਕ ਕੋਰਸ। ਸਾਨੂੰ ਪਤਾ ਹੈ ਕਿ ਕੁਝ ਸਾਡੇ ਕੀਰਤਨਕਾਰ ਵਿਦਿਆਰਥੀ ਕਈ ਕਾਰਨਾਂ ਕਰਕੇ ਆਪਣੀ ਵਿਦਿਅਕ ਪੜ੍ਹਾਈ ਪੂਰੀ ਨਹੀਂ ਕਰ ਸਕੇ। ਉਹ ਸੰਤਾਂ ਮਹਾਂਪੁਰਖਾਂ ਦੇ ਡੇਰਿਆਂ ਵਿਚ ਰਹਿ ਕੇ ਧਾਰਮਿਕ ਵਿਦਿਅਕ ਤੇ ਸੇਵਾ ਕਰ ਰਹੇ ਹਨ। ਉਨ੍ਹਾਂ ਦੀ ਜ਼ਿੰਦਗੀ ਦੇ ਬੇਹਤਰੀਨ ਸਾਲਾਂ ਨੂੰ ਵਿਦਿਅਕ ਚਿਣਗ ਦੇਣ ਲਈ ਅਤੇ ਕੀਰਤਨ ਦੇ ਖੇਤਰ ਵਿਚ ਡਿਗਰੀ ਯਾਫਤਾ ਹੋਣ ਲਈ ਅਸੀਂ ਗੁਰਮਤਿ ਸੰਗੀਤ ਦੇ ਆਰੰਭਿਕ ਕੋਰਸ ਵਜੋਂ ਗੁਰਮਤਿ ਸੰਗੀਤ ਪਰਵੇਸ਼ਕਾ ਕੋਰਸ ਸ਼ੁਰੂ ਕੀਤਾ ਹੈ। ਜੋ ਇਕ ਸਾਲ ਦਾ ਕੋਰਸ ਹੈ। ਇਸ ਕੋਰਸ ਵਿਚ ਗੁਰਮਤਿ ਸੰਗੀਤ ਪਰਵੇਸ਼ਿਕਾ ਗਾਇਨ, ਗੁਰਮਤਿ ਸੰਗੀਤ ਪਰਵੇਸ਼ਿਕਾ ਤੰਤੀ ਸਾਜ਼, ਗੁਰਮਤਿ ਸੰਗੀਤ ਪਰਵੇਸ਼ਿਕਾ ਤਾਲ ਸਾਜ਼ ਕੋਰਸ ਕਰਵਾਏ ਜਾਂਦੇ ਹਨ।

1. ਇਹ ਤੁਸੀਂ ਆਪੋ ਆਪਣੇ ਟਿਕਾਣਿਆਂ ਤੇ ਰਹਿ ਕੇ ਇਹ ਕੋਰਸ ਕਰ ਸਕਦੇ ਹੋ। ਤੁਹਾਨੂੰ ਸਾਲ ਵਿਚ ਦੋ ਅੱਠ-ਅੱਠ ਦਿਨ ਦੇ ਨਿੱਜੀ ਸੰਪਰਕ ਪ੍ਰੋਗਰਾਮ ਅਤੇ ਇਮਤਿਹਾਨ ਦੇਣ ਲਈ ਹੀ ਪੰਜਾਬੀ ਯੂਨੀਵਰਸਿਟੀ ਵਿਖੇ ਆਉਣਾ ਪਵੇਗਾ। ਦਾਖਲੇ ਦਾ ਇਸ਼ਤਿਹਾਰ ਜੁਲਾਈ ਵਿਚ ਆਵੇਗਾ।

2. ਦਸਵੀਂ ਪਾਸ ਵਿਦਿਆਰਥੀਆਂ ਲਈ ਗੁਰਮਤਿ ਸੰਗੀਤ ਇਕ ਸਾਲਾ ਕੋਰਸ ਡਿਪਲੋਮਾ ਇਨ ਗੁਰਮਤਿ ਸੰਗੀਤ ਹੈ ਜੋ ਗਾਇਨ ਵਿਚ ਹੀ ਹੈ।

3. ਬਾਰਵੀਂ ਪਾਸ ਵਿਦਿਆਰਥੀ ਗੁਰਮਤਿ ਸੰਗੀਤ ਵਿਸ਼ੇ ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਡਿਸਟੈਂਸ ਐਜੂਕੇਸ਼ਨ ਦੇ ਖੇਤਰ ਵਿਚ ਬੀ.ਏ. ਵੀ ਕਰਵਾਈ ਜਾ ਰਹੀ ਹੈ ਜਿਸ ਵਿਚ ਅੰਗਰੇਜ਼ੀ, ਪੰਜਾਬੀ, ਗੁਰਮਤਿ ਸੰਗੀਤ, ਤਬਲਾ, ਕੰਪਿਊਟਰ ਆਦਿ ਵਿਸ਼ੇ ਰੱਖੇ ਜਾ ਸਕਦੇ ਹਨ।

4. ਬੀ.ਏ. ਆਨਰਜ਼ ਇਨ ਗੁਰਮਤਿ ਸੰਗੀਤ ਤਿੰਨ ਸਾਲਾ ਕੋਰਸ ਬਾਰਵੀਂ ਪਾਸ ਵਿਦਿਆਰਥੀਆਂ ਲਈ ਹੈ ਜੋ ਗੁਰਮਤਿ ਸੰਗੀਤ ਵਿਭਾਗ ਵਿਚ ਰੈਗੂਲਰ ਕਰਵਾਇਆ ਜਾਂਦਾ ਹੈ ਜਿਸ ਵਿਚ ਗਾਇਨ ਦੇ

ਨਾਲ ਨਾਲ ਤੰਤੀ ਸਾਜ਼ ਤੇ ਤਬਲੇ ਦੀ ਸਿੱਖਿਆ ਦਿੱਤੀ ਜਾਂਦੀ ਹੈ। ਉਪਰੰਤ ਐਮ.ਏ. ਗੁਰਮਤਿ ਸੰਗੀਤ ਕਰਵਾਈ ਜਾਂਦੀ ਹੈ।

5. ਐਮ.ਏ. ਗੁਰਮਤਿ ਸੰਗੀਤ, ਬੀ.ਏ. ਪਾਸ ਕੀਰਤਨੀਏ, ਸੰਗੀਤ ਤੇ ਗੁਰਮਤਿ ਸੰਗੀਤ ਵਿਸ਼ੇ ਸਹਿਤ ਬੀ.ਏ. ਪਾਸ ਵਿਦਿਆਰਥੀ ਕਰ ਸਕਦੇ ਹਨ। ਇਸ ਐਮ.ਏ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ, ਕੀਰਤਨ ਚੌਕੀਆ, ਤੰਤੀ ਸਾਜ਼, ਗੁਰਮਤਿ ਦੀ ਸਿਧਾਂਤਕ, ਇਤਿਹਾਸਕ ਤੇ ਬਹੁਪੱਖੀ ਪੜ੍ਹਾਈ ਕਰਵਾਈ ਜਾਂਦੀ ਹੈ।

ਉਪਰੰਤ ਹੋਣਹਾਰ ਵਿਦਿਆਰਥੀ ਇਸ ਵਿਸ਼ੇ ਵਿਚ ਪੀਐੱਚ.ਡੀ. ਵੀ ਕਰ ਸਕਦੇ ਹਨ ਤੇ ਕੀਰਤਨ ਕਰਨ ਦੇ ਨਾਲ ਸਕੂਲ, ਕਾਲਜਾਂ ਵਿਚ ਬਤੌਰ ਅਧਿਆਪਕ ਵੀ ਸੇਵਾ ਕਰ ਸਕਦੇ ਹਨ। ਗੁਰਮਤਿ ਸੰਗੀਤ ਦੇ ਅਧਿਆਪਨ ਸਬੰਧੀ ਉਪਰੋਕਤ ਜਾਣਕਾਰੀ ਦਾਖਲਿਆਂ ਦੇ ਆਉਣ ਵਾਲੇ ਸਮੇਂ ਵਿਚ ਅਹਿਮ ਸੀ। ਗੁਰਮਤਿ ਸੰਗੀਤ ਵਿਭਾਗ ਵਲੋਂ ਇਸ ਵਿਸ਼ੇ ਦੇ ਵਿਦਿਆਰਥੀਆਂ ਲਈ ਜਾਣਕਾਰੀ ਦੀ ਸੇਵਾ ਵੀ ਆਰੰਭ ਕੀਤੀ ਹੈ ਜਿਸ ਲਈ ਵਿਦਿਆਰਥੀ ਵਿਭਾਗ ਨਾਲ ਸੰਪਰਕ ਕਰ ਸਕਦੇ ਹਨ।

ਪੰਜਾਬੀ ਯੂਨੀਵਰਸਿਟੀ ਤੋਂ ਬਿਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀਆਂ ਮਿਸ਼ਨਰੀ ਸੰਸਥਾਵਾਂ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਸਾਹਿਬ, ਤਲਵੰਡੀ ਸਾਬੋ, ਬੁੱਢਾ ਜੋਹੜ (ਸ੍ਰੀ ਗੰਗਾਨਗਰ), ਸੁਲਤਾਨਪੁਰ ਲੋਧੀ ਵਿਖੇ ਦੋ ਤੇ ਤਿੰਨ ਸਾਲਾ ਸੰਗੀਤ ਗਾਇਨ ਅਤੇ ਤਬਲਾ ਆਦਿ ਕੋਰਸ ਚਲਾਏ ਜਾ ਰਹੇ ਹਨ ਜਿਨ੍ਹਾਂ ਵਿਚ ਗੁਰਮਤਿ ਸੰਗੀਤ ਦੀ ਸਿਖਲਾਈ ਜਾਰੀ ਹੈ।

ਗੁਰਮਤਿ ਸੰਗੀਤ ਦੇ ਖੇਤਰ ਵਿਚ ਪਰਵੇਸ਼ ਕਰਨ ਵਾਲੇ ਕੀਰਤਨੀਆਂ ਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਮਾਨਤਾ ਪ੍ਰਾਪਤ ਸੰਸਥਾਵਾਂ ਤੋਂ ਸਹੀ ਸਿਖਲਈ ਲੈਣ ਅਤੇ ਨਾਲ ਹੀ ਆਪਣੀ ਬਾਕੀ ਵਿਦਿਅਕ ਪੜ੍ਹਾਈ ਵੀ ਜ਼ਰੂਰੀ ਕਰਨ। ਅਜਿਹਾ ਕਰਨ ਨਾਲ ਹੀ ਸਿੱਖ ਧਰਮ ਵਿਚ ਉਚੇਰੀ ਸਿੱਖਿਆ ਵਾਲੇ ਪ੍ਰਚਾਰਕਾਂ ਦਾ ਪ੍ਰਵੇਸ਼ ਹੋਵੇਗਾ ਅਤੇ ਆਪਣੇ ਧਰਮ ਦਾ ਸਹੀ ਪ੍ਰਚਾਰ ਕਰ ਸਕਣਗੇ। ਜਿਨ੍ਹਾਂ ਦਾ ਗਿਆਨ ਸਾਡੀ ਅਗਲੀ ਪੀੜੀ ਦੇ ਹਾਣ ਦਾ ਹੋਵੇਗਾ ਅਤੇ ਪੜ੍ਹੇ ਲਿਖੇ ਪ੍ਰਚਾਰਕ ਕੀਰਤਨੀਏ ਨਵੀਂ ਪੀੜੀ ਨੂੰ ਮੁਖਾਤਿਬ ਹੋਣ ਦੇ ਸਮਰੱਥ ਹੋਣਗੇ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁਢਲੀ ਜਾਣਕਾਰੀ
## (ਗੁਰਮਤਿ ਸੰਗੀਤ ਦੇ ਸੰਦਰਭ ਵਿੱਚ)

ਡਾ.ਹਰਮਿੰਦਰ ਕੌਰ

ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਦਾ ਧਰਮ ਗ੍ਰੰਥ ਹੈ ਕਿਉਂਕਿ ਇਸ ਵਿੱਚ ਵੱਖ-ਵੱਖ ਧਰਮਾਂ, ਜਾਤਾਂ, ਕਿਤਿਆਂ ਅਤੇ ਖਿਤਿਆਂ ਨਾਲ ਸਬੰਧਤ ਬਾਣੀਕਾਰਾਂ ਦੀ ਬਾਣੀ ਨੂੰ ਇਕ ਥਾਵੇਂ ਇੱਕਤਰ ਕਰਕੇ ਕੇਵਲ ਸਿੱਖਿਆ ਦੇ ਪੱਧਰ ਤੇ ਹੀ ਨਹੀਂ ਸਗੋਂ ਅਧਿਆਤਮਕ ਗੁਰੂ ਦਾ ਦਰਜਾ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਵਿਸ਼ਵ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਵਰਤਮਾਨ ਸਮੇਂ ਗਲੋਬਲ ਪਿੰਡ ਦੀ ਗੱਲ ਕੀਤੀ ਜਾਂਦੀ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦੇ ਪੈਰੋਕਾਰਾਂ ਨੂੰ ਅੱਜ ਤੋਂ 300 ਸਾਲ ਪਹਿਲਾਂ ਮਾਨਵਤਾ ਦਾ ਪਾਠ ਪੜਾਉਂਦਿਆਂ ਇਕ ਅਕਾਲ ਪੁਰਖ ਦੀ ਹੋਂਦ ਨੂੰ ਸਵਿਕਾਰਿਆ ਤੇ ਪਰਚਾਰਿਆ। ਪਵਿੱਤਰ ਕੁਰਾਨ ਸ਼ਰੀਫ ਮੁਸਲਮਾਨਾਂ ਦੀ, ਪਵਿੱਤਰ ਬਾਈਬਲ ਈਸਾਈਆਂ ਦੀ, ਪਵਿੱਤਰ ਵੇਦ ਸ਼ਾਸਤਰ ਅਤੇ ਉਪਨਿਸ਼ਦ ਹਿੰਦੂਆਂ ਦੇ, ਜੈਨੀਆਂ ਦੇ ਜੈਨ ਅੰਗ, ਬੋਧੀਆਂ ਦੇ ਤ੍ਰਿਪਿਟਕ ਇਸੇ ਤਰ੍ਹਾਂ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜਿਥੇ ਅਸੀਂ ਗੁਰੂਆਂ ਦੀ ਬਾਣੀ ਨੂੰਸ਼ਬਦ ਗੁਰੂ ਮੰਨ ਕੇ ਮੱਥਾ ਟੇਕਦੇ ਹਾਂ ਉੱਥੇ ਅਸੀਂ ਵੱਖ-ਵੱਖ ਭਗਤਾਂ, ਰਬਾਬੀਆਂ, ਭੱਟਾਂ ਦੀ ਬਾਣੀ ਨੂੰ ਵੀ ਮੱਥਾ ਟੇਕਦੇ ਹਾਂ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਾਨਵਤਾ ਨੂੰ "ਸਭੇ ਸਾਂਝੀਵਾਲ ਸਦਾਇਨ" ਦਾ ਉਪਦੇਸ਼ ਦਿੰਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ। ਇਸ ਗ੍ਰੰਥ ਦੇ ਕੁਲ 1430 ਪੰਨੇ ਹਨ ਜਿਨਾਂ ਨੂੰ ਅੰਗ ਵੀ ਕਿਹਾ ਜਾਂਦਾ ਹੈ। ਹਰ ਗੁਰਦੁਆਰਾ ਸਾਹਿਬ ਵਿੱਚ ਉੱਚੇ ਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਗੁਰੂਅਰਜਨ ਦੇਵ ਜੀ ਨੇ 1604 ਈ. ਨੂੰ ਇਸ ਦੀ ਸੰਪਾਦਨਾ ਦਾ ਕਾਰਜ ਸੰਪਰੂਨ ਕੀਤਾ। ਇਸ ਗ੍ਰੰਥ ਨੂੰ ਲਿਖਣ ਦਾ ਕਾਰਜ ਭਾਈ ਗੁਰਦਾਸ ਜੀ ਤੋਂ ਕਰਵਾਇਆ ਗਿਆ ਜੋ ਆਪਣੇ ਸਮੇਂ ਦੇ ਮਹਾਨ ਵਿਦਵਾਨ ਸਨ ਜਿੰਨਾਂ ਦੀ ਬਾਣੀ ਨੂੰ ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਵੀ ਕਿਹਾ ਜਾਂਦਾ ਹੈ ਭਾਵ ਜੇਕਰ ਪਹਿਲਾਂ ਭਾਈ ਗੁਰਦਾਸ ਜੀ ਦੁਆਰਾ ਕਾਵਿ ਰੂਪ ਵਿੱਚ ਰਚਿਤ ਸਾਹਿਤ ਪੜ੍ਹਿਆ ਜਾਵੇ ਤਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਚੰਗੀ ਤਰ੍ਹਾਂ ਸਮਝ ਆਉਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ 1604 ਈ. ਨੂੰ ਹੋਇਆ ਅਤੇ ਇਸ ਦਾ ਪਹਿਲਾ ਗ੍ਰੰਥੀ ਬਣਨ ਦਾ ਮਾਣ ਬਾਬਾ ਬੁੱਢਾ ਜੀ ਨੂੰਪ੍ਰਾਪਤ ਹੋਇਆ ਜਿਨ੍ਹਾਂ ਨੇ ਪਹਿਲੇ ਛੇ ਗੁਰੂਆਂ ਨੂੰ ਗੁਰਗੱਦੀ ਦੇਣ ਦੀ ਰਸਮ ਨਿਭਾਈ।ਭਾਈ ਸੰਤੋਖ ਸਿੰਘ ਜੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਦੇ ਹਨ ਕਿ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਪ੍ਰਕਾਸ਼ ਉਪਰੰਤ ਪਹਿਲਾ ਮੁਖਵਾਕ ਇਸ ਤਰ੍ਹਾਂ ਸੀ

ਸੂਹੀ ਮਹਲਾ ੫

ਸੰਤਾ ਕੇ ਕਾਰਜ ਆਪ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮ ਧਿਆਇਆ॥
(ਗੁਰਪ੍ਰਤਾਪ ਸੂਰਜ ਗ੍ਰੰਥ, ਭਾਗ ਚੌਥਾ, ਪੰਨਾ-630)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 6 ਗੁਰੂਆਂ ਦੀ ਬਾਣੀ ਦਰਜ ਹੈ, ਇਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ। 1) ਸ੍ਰੀ ਗੁਰੂ ਨਾਨਕ ਦੇਵ ਜੀ (ਪਹਿਲੇ ਗੁਰੂ) 2) ਸ੍ਰੀ ਗੁਰੂ ਅੰਗਦ ਦੇਵ ਜੀ (ਦੂਸਰੇ ਗੁਰੂ) 3) ਸ੍ਰੀ ਗੁਰੂ ਅਮਰਦਾਸ ਜੀ (ਤੀਸਰੇ ਗੁਰੂ) 4) ਸ੍ਰੀ ਗੁਰੂ ਰਾਮਦਾਸ ਜੀ (ਚੌਥੇ ਗੁਰੂ) 5) ਸ੍ਰੀ ਗੁਰੂ ਅਰਜਨ ਦੇਵ ਜੀ (ਪੰਜਵੇ ਗੁਰੂ) 6) ਸ੍ਰੀ ਗੁਰੂ ਤੇਗ ਬਹਾਦਰ ਜੀ (ਨੌਵੇਂ ਗੁਰੂ)। ਛੇ ਗੁਰੂਆਂ ਤੋਂ ਇਲਾਵਾ 15 ਭਗਤਾਂ ਦੀ ਬਾਣੀ ਦਰਜ ਹੈ ਜਿਨ੍ਹਾਂ ਦੇ ਨਾਮ ਹਨ ਭਗਤ ਜੈ ਦੇਵ, ਸ਼ੇਖ ਫਰੀਦ, ਭਗਤ ਨਾਮਦੇਵ, ਤ੍ਰਿਲੋਚਨ, ਸੁਆਮੀ ਰਾਮਾਨੰਦ, ਕਬੀਰ, ਬੈਣੀ, ਸਧਨਾ, ਸੈਣ, ਪੀਪਾ, ਧੰਨਾ, ਭੀਖਣ, ਰਵਿਦਾਸ, ਪਰਮਾਨੰਦ, ਸੂਰਦਾਸ। ਇਕ ਸਿੱਖ ਭਗਤ ਬਾਬਾ ਸੁੰਦਰ ਜੀ ਦੀ ਬਾਣੀ ਸਦੁ ਸਿਰਲੇਖ ਅਧੀਨ ਰਾਮਕਲੀ ਰਾਗ ਵਿੱਚ ਦਰਜ ਹੈ ਜੋ ਗੁਰੂਅਮਰਦਾਸ ਜੀ ਦੀ ਬਾਣੀ ਤੋਂ ਬਾਅਦ ਆਉਂਦੀ ਹੈ। ਇਨ੍ਹਾਂ ਗੁਰੂਆਂ, ਭਗਤਾਂ ਦੀ ਬਾਣੀ ਤੋਂ ਬਾਅਦ 11 ਭਟਾਂ ਜਾਲਪ, ਕੀਰਤ, ਸੱਲ੍ਯ, ਭਲ੍ਯ, ਨਲ੍ਯ, ਭਿਖਾ, ਬਲ, ਹਰਿਬੰਸ, ਮਥੁਰਾ, ਕਲਸਹਾਰ, ਗਯੰਦ ਦੀ ਬਾਣੀ ਅੰਕਿਤ ਹੈ। ਰਬਾਬੀ ਸੱਤਾ ਅਤੇ ਬਲਵੰਤ ਦੀ ਬਾਣੀ ਵੀ ਵਾਰ ਰੂਪ ਵਿੱਚ ਰਾਮਕਲੀ ਰਾਗ ਅਧੀਨ ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਬਾਅਦ ਦਰਜ ਹੈ। ਭਾਈ ਮਰਦਾਨਾ ਜੀ ਦੇ ਸਲੋਕ ਵੀ ਹਨ। ਗੁਰੂਸਾਹਿਬਾਨ ਦੀ ਬਾਣੀ ਦੇ ਸਿਰਲੇਖ ਵਿੱਚ ਮਹਲਾ ਸ਼ਬਦ ਪ੍ਰਯੋਗ ਕੀਤਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਬਾਣੀ ਕਿਹੜੇ ਗੁਰੂ ਜੀ ਦੀ ਹੈ ਜਿਵੇਂ ਮਹਲਾ ੧ ਭਾਵ ਪਹਿਲੇ ਗੁਰੂ ਦੀ ਬਾਣੀ ਇਸੇ ਤਰ੍ਹਾਂ ਮਹਲਾ ੨, ਮਹਲਾ ੩, ਮਹਲਾ ੪, ਮਹਲਾ ੫, ਮਹਲਾ ੯। ਗੁਰੂਆਂ ਤੋਂ ਇਲਾਵਾ ਭਗਤਾਂ ਦੀ ਬਾਣੀ ਦੇ ਸਿਰਲੇਖ ਵਿੱਚ ਭਗਤਾਂ ਦੇ ਨਾਮ ਦਰਜ ਹਨ ਜਿਵੇਂ ਬਾਣੀ ਭਗਤ ਕਬੀਰ ਜੀਓ ਕੀ। ਗੁਰੂਆਂ ਦੀ ਬਾਣੀ ਵਿੱਚ ਸ਼ਬਦ ਦੀ ਸਮਾਪਤੀ ਨਾਨਕ ਸ਼ਬਦ ਨਾਲ ਹੁੰਦੀ ਹੈ ਅਤੇ ਭਗਤਾਂ ਦੀ ਬਾਣੀ ਵਿੱਚ ਭਗਤ ਦਾ ਨਾਮ ਆਉਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਨੂੰ ਰਾਗ ਕ੍ਰਮ ਅਤੇ ਗੁਰੂ-ਸੰਤ ਕ੍ਰਮ ਵਿੱਚ ਰੱਖਿਆ ਅਤੇ ਉਨ੍ਹਾਂ ਨੂੰ ਖਾਸ ਤਰਤੀਬ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਸਭ ਤੋਂ ਪਹਿਲਾਂ ੴ ਸਤਿਨਾਮ ਤੋਂ ਲੈ ਕੇ ਗੁਰ ਪ੍ਰਸਾਦਿ ਤੱਕ ਮੂਲ ਮੰਤਰ ਹੈ। ਇਸ ਤੋਂ ਬਾਅਦ ਨਿਤਨੇਮ ਦੀਆਂ ਬਾਣੀਆਂ ਜਪੁ, ਰਹਿਰਾਸ ਅਤੇ ਸੋਹਿਲਾ ਦਰਜ ਹਨ। ਜਪੁ ਬਾਣੀ ਰਾਗ ਮੁਕਤ ਹੈ ਪਰ ਰਹਿਰਾਸ ਅਤੇ ਸੋਹਿਲਾ ਰਾਗ ਬੱਧ ਹੈ। ਇਥੇ ਆਏ ਰਾਗਬੱਧ ਸ਼ਬਦ ਅੱਗੇ ਜਾਕੇ ਰਾਗਾਂ ਦੀ ਤਰਤੀਬ ਵਿੱਚ ਆਪੋ ਆਪਣੇ ਸਥਾਨ ਤੇ ਦਰਜ ਹਨ। ਨਿਤਨੇਮ ਬਾਣੀ ਤੋਂ ਬਾਅਦ ਰਾਗ ਬੱਧ ਬਾਣੀ ਤਰਤੀਬ ਅਨੁਸਾਰ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰ ਕੁਲ 62 ਰਾਗਾਂ ਵਿੱਚ ਦਰਜ ਹੈ। ਰਾਗ ਬੱਧ ਬਾਣੀ ਤੋਂ ਬਾਅਦ ਰਾਗ ਮੁਕਤ ਬਾਣੀ ਹੈ ਜਿਸ ਵਿੱਚ ਸਹਸਕ੍ਰਿਤੀ ਸਲੋਕ, (ਮਹਲਾ ੧, ਮਹਲਾ ੫) ਗਾਥਾ (ਮਹਲਾ ੫) ਫੁਨਹੇ (ਮਹਲਾ ੫) ਚਉਬੋਲੇ (ਮਹਲਾ ੫) ਸਲੋਕ ਸ਼ੇਖ ਫਰੀਦ ਅਤੇ ਕਬੀਰ ਜੀ ਦੇ, ਮੁਖਬਾਕ੍ਹ ਮਹਲਾ ੫, ਸਵਈਏ 11 ਭੱਟਾਂ ਦੇ, ਸਲੋਕ ਵਾਰਾਂ ਤੇ ਵਧੀਕ (ਮਹਲਾ ੧,੩,੪,੫) ਸਲੋਕ ਮਹਲਾ ੯, ਮੰਦਾਵਣੀ (ਮਹਲਾ ੫) ਅਤੇ ਅਖੀਰ ਵਿੱਚ ਰਾਗ ਮਾਲਾ ਦਰਜ ਹੈ।

ਗੁਰੂ ਗ੍ਰੰਥ ਸਾਹਿਬ ਦੇ ਮੁੱਖ 31 ਰਾਗਾਂ ਅਤੇ 31 ਰਾਗ ਪ੍ਰਕਾਰਾਂ ਦੀ ਤਰਤੀਬ

1. ਸਿਰੀ (ਮਹਲਾ ੧,੨,੩,੪,੫) ਭਗਤ ਕਬੀਰ, ਤ੍ਰਿਲੋਚਨ, ਬੈਣੀ ਰਵਿਦਾਸ)
2. ਮਾਝ (ਮਹਲਾ ੧,੨,੩,੪,੫)
3. ਗਉੜੀ (ਮਹਲਾ ੧,੩,੪,੫,੯ ਭਗਤ ਕਬੀਰ, ਨਾਮਦੇਵ, ਰਵਿਦਾਸ)
- ਗਉੜੀ ਗੁਆਰੇਰੀ (ਮਹਲਾ ੧,੩,੪,੫, ਭਗਤ ਕਬੀਰ, ਰਵਿਦਾਸ)
- ਗਉੜੀ ਦਖਣੀ (ਮਹਲਾ ੧)
- ਗਉੜੀ ਚੇਤੀ (ਮਹਲਾ ੧,੫, ਭਗਤ ਕਬੀਰ, ਨਾਮਦੇਵ)
- ਗਉੜੀ ਬੈਰਾਗਣ (ਮਹਲਾ ੧,੩,੪,੫,ਭਗਤ ਕਬੀਰ, ਰਵਿਦਾਸ)
- ਗਉੜੀ ਪੂਰਬੀ ਦੀਪਕੀ (ਮਹਲਾ ੧)
- ਗਉੜੀ ਪੂਰਬੀ (ਮਹਲਾ ੧,੩,੪,੫ ਭਗਤ ਰਵਿਦਾਸ, ਕਬੀਰ)
- ਗਉੜੀ ਦੀਪਕੀ (ਮਹਲਾ ੧)
- ਗਉੜੀ ਮਾਝ (ਮਹਲਾ ੪,੫)
- ਗਉੜੀ ਮਾਲਵਾ (ਮਹਲਾ ੫)
- ਗਉੜੀ ਮਾਲਾ (ਮਹਲਾ ੫)
- ਗਉੜੀ ਸੋਰਠਿ (ਭਗਤ ਕਬੀਰ)

4. ਆਸਾ (ਮਹਲਾ ੧,੨,੩,੪,੫,੯, ਭਗਤ ਕਬੀਰ, ਨਾਮਦੇਵ, ਰਵਿਦਾਸ, ਤ੍ਰਿਲੋਚਨ, ਜੈਦੇਵ)
- ਆਸਾਵਰੀ (ਮਹਲਾ ੫)
- ਆਸਾਵਰੀ ਸੁਧੰਗ (ਮਹਲਾ ੪)
- ਆਸਾ ਕਾਫੀ (ਮਹਲਾ ੧,੩,੪,੫)

5. ਗੂਜਰੀ (ਮਹਲਾ ੧,੩,੪,੫ ਭਗਤ ਕਬੀਰ, ਨਾਮਦੇਵ, ਰਵਿਦਾਸ, ਧੰਨਾ, ਸ਼ੇਖ ਫਰੀਦ)
6. ਦੇਵਗੰਧਾਰੀ (ਮਹਲਾ ੪,੫,੯)
- ਦੇਵਗੰਧਾਰ (ਮਹਲਾ ੫)

7. ਬਿਹਾਗੜਾ (ਮਹਲਾ ੪,੫,੯)
8. ਵਡਹੰਸ (ਮਹਲਾ ੧,੩,੪,੫)
- ਵਡਹੰਸ ਦੱਖਣੀ (ਮਹਲਾ ੧)

9. ਸੋਰਠਿ (ਮਹਲਾ ੧,੨,੩,੪,੫ ਭਗਤ ਕਬੀਰ, ਨਾਮਦੇਵ, ਰਵਿਦਾਸ, ਭੀਖਣ)
10. ਧਨਾਸਰੀ (ਮਹਲਾ ੧,੩,੪,੫,੯ ਭਗਤ ਕਬੀਰ, ਨਾਮਦੇਵ, ਰਵਿਦਾਸ, ਤ੍ਰਿਲੋਚਣ, ਸੈਣ, ਪੀਪਾ, ਧੰਨਾ)
11. ਜੈਤਸਰੀ (ਮਹਲਾ ੪,੫,੯, ਭਗਤ ਰਵਿਦਾਸ)
12. ਟੋਡੀ (ਮਹਲਾ ੪,੫,੯ ਭਗਤ ਨਾਮਦੇਵ)
13. ਬੈਰਾੜੀ (ਮਹਲਾ ੪,੫,)

14. ਤਿਲੰਗ (ਮਹਲਾ ੧,੪,੫,੯ ਭਗਤ ਕਬੀਰ, ਨਾਮਦੇਵ)
- ਤਿਲੰਗ ਕਾਫੀ (ਮਹਲਾ ੯)

15. ਸੂਹੀ (ਮਹਲਾ ੧,੨,੩,੪,੫ ਭਗਤ ਕਬੀਰ, ਰਵਿਦਾਸ, ਸ਼ੇਖ ਫਰੀਦ)
- ਸੂਹੀ ਕਾਫੀ (ਮਹਲਾ ੧,੫)
- ਸੂਹੀ ਲਲਿਤ (ਭਗਤ ਕਬੀਰ, ਸ਼ੇਖ ਫਰੀਦ)

16. ਬਿਲਾਵਲ (ਮਹਲਾ ੧,੩,੪,੫,੯ ਭਗਤ ਕਬੀਰ, ਨਾਮਦੇਵ, ਰਵਿਦਾਸ, ਸਧਨਾ)
- ਬਿਲਾਵਲ ਦਖਣੀ (ਮਹਲਾ ੧)
- ਬਿਲਾਵਲ ਮੰਗਲ (ਮਹਲਾ ੪,੫)

17. ਗੌਂਡ (ਮਹਲਾ ੪,੫ ਭਗਤ ਕਬੀਰ, ਨਾਮਦੇਵ, ਰਵਿਦਾਸ)
- ਬਿਲਾਵਲ ਗੌਂਡ (ਭਗਤ ਨਾਮਦੇਵ)

18. ਰਾਮਕਲੀ (ਮਹਲਾ ੧,੨,੩,੪,੫,੯ ਬਾਬਾ ਸੁੰਦਰ, ਰਾਇ ਬਲਵੰਡ, ਸਤੈ ਡੂਮ, ਭਗਤ ਕਬੀਰ, ਨਾਮਦੇਵ, ਰਵਿਦਾਸ, ਬੇਣੀ)
- ਰਾਮਕਲੀ ਦਖਣੀ (ਮਹਲਾ ੧)

19. ਨਟ ਨਾਰਾਇਣ (ਮਹਲਾ ੪,੫)
- ਨਟ (ਮਹਲਾ ੪,੫)

20. ਮਾਲੀ ਗਉੜਾ (ਮਹਲਾ ੪,੫ ਭਗਤ ਨਾਮਦੇਵ)
21. ਮਾਰੂ(ਮਹਲਾ ੧,੨,੩,੪,੫,੯, ਭਗਤ ਕਬੀਰ, ਨਾਮਦੇਵ, ਜੈਦੇਵ, ਰਵਿਦਾਸ)
- ਮਾਰੂਕਾਫੀ (ਮਹਲਾ ੧)
- ਮਾਰੂਦਖਣੀ (ਮਹਲਾ ੧)

22. ਤੁਖਾਰੀ (ਮਹਲਾ ੧,੪,੫)
23. ਕੇਦਾਰਾ (ਮਹਲਾ ੪,੫ ਭਗਤ ਕਬੀਰ, ਰਵਿਦਾਸ)
24. ਭੈਰਉ (ਮਹਲਾ ੧,੩,੪,੫, ਭਗਤ ਕਬੀਰ, ਨਾਮਦੇਵ, ਰਵਿਦਾਸ)
25. ਬਸੰਤੁ (ਮਹਲਾ ੧,੩,੪,੫, ਭਗਤ ਕਬੀਰ, ਨਾਮਦੇਵ, ਰਵਿਦਾਸ)
- ਬਸੰਤ ਹਿੰਡੋਲ (ਮਹਲਾ ੧,੩,੪,੫,੯ ਭਗਤ ਕਬੀਰ, ਰਾਮਾਨੰਦ)

26. ਸਾਰੰਗੁ (ਮਹਲਾ ੧,੨,੩,੪,੫,੯ ਭਗਤ ਕਬੀਰ, ਨਾਮਦੇਵ, ਪਰਮਾਨੰਦ, ਸੂਰਦਾਸ)
27. ਮਲਾਰੁ (ਮਹਲਾ ੧,੨,੩,੪,੫ ਭਗਤ ਨਾਮਦੇਵ, ਰਵਿਦਾਸ)
28. ਕਾਨੜ੍ਹਾ (ਮਹਲਾ ੪,੫ ਭਗਤ ਨਾਮਦੇਵ)
29. ਕਲਿਆਣੁ (ਮਹਲਾ ੪,੫)
- ਕਲਿਆਣ ਭੋਪਾਲੀ (ਮਹਲਾ ੪)

30. ਪ੍ਰਭਾਤੀ (ਮਹਲਾ ੩, ਭਗਤ ਕਬੀਰ, ਨਾਮਦੇਵ, ਬੇਣੀ)

- ਪ੍ਰਭਾਤੀ ਬਿਭਾਸ (ਮਹਲਾ ੧, ੩,੪,੫)
- ਬਿਭਾਸ ਪ੍ਰਭਾਤੀ (ਮਹਲਾ ੫, ਭਗਤ ਕਬੀਰ)
- ਪ੍ਰਭਾਤੀ ਦਖਣੀ (ਮਹਲਾ ੧)

31. ਜੈਜਾਵੰਤੀ (ਮਹਲਾ ੯)

ਰਾਗਾਂ ਵਿੱਚ ਬਾਣੀ ਦੀ ਤਰਤੀਬ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਵਿੱਚ ਸ਼ਬਦ, ਅਸ਼ਟਪਦੀਆਂ, ਛੰਤ, ਵਾਰਾਂ, ਲੰਬੀ ਬਾਣੀ ਅਤੇ ਭਗਤਾਂ ਦੇ ਸ਼ਬਦ, ਦਰਜ ਹਨ। ਇਹ ਸ਼ਬਦ, ਅਸ਼ਟਪਦੀਆਂ, ਛੰਦ ਆਦਿ ਵੀ ਖਾਸ ਤਰਤੀਬ ਅਨੁਸਾਰ ਦਰਜ ਹਨ। ਪਹਿਲਾਂ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਸਾਹਿਬ ਜੀ ਅਤੇ ਅਖੀਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਆਉਂਦੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਦੇ 63 ਸਲੋਕ ਹਨ ਜੋ ਕਈ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਹਨ। ਗੁਰੂਆਂ ਦੀ ਬਾਣੀ ਤੋਂ ਬਾਅਦ ਭਗਤਾਂ ਅਤੇ ਭੱਟਾਂ ਦੀ ਬਾਣੀ ਅੰਕਿਤ ਹੈ। ਸਾਰੇ ਸ਼ਬਦਾਂ ਤੋਂ ਬਾਅਦ ਇਸੇ ਤਰ੍ਹਾਂ ਅਸ਼ਟਪਦੀਆਂ, ਛੰਤ, ਵਾਰਾਂ ਆਦਿ ਦਰਜ਼ ਹਨ।

ਗੁਰਮਤਿ ਸੰਗੀਤ ਦਾ ਆਧਾਰ ਗ੍ਰੰਥ

ਸ੍ਰੀ ਗੁਰੂਗ੍ਰੰਥ ਸਾਹਿਬ ਗੁਰਮਤਿ ਸੰਗੀਤ ਦਾ ਆਧਾਰ ਗ੍ਰੰਥ ਹੈ ਕਿਉਂਕਿ ਗੁਰੂਸਾਹਿਬਾਨ ਨੇ ਇਸ ਗ੍ਰੰਥ ਦੇ ਸੰਕਲਨ ਦਾ ਆਧਾਰ ਸੰਗੀਤ ਨੂੰ ਬਣਾਇਆ ਹੈ। ਸ੍ਰੀ ਗੁਰੂਗ੍ਰੰਥ ਸਾਹਿਬ ਦੀ ਕੁਝ ਬਾਣੀ ਨੂੰ ਛੱਡ ਕੇ ਸਾਰੀ ਬਾਣੀ ਰਾਗਾਂ ਤੇ ਆਧਾਰਤ ਹੈ। ਰਾਗਾਂ ਅਨੁਸਾਰ ਦਰਜ ਬਾਣੀ ਨੂੰਵੱਖ-ਵੱਖ ਸੰਗੀਤਕ ਸੰਕੇਤਾਂ ਅਤੇ ਸਿਰਲੇਖਾਂ ਨਾਲ ਸੰਗੀਤ ਬੱਧ ਕੀਤਾ ਗਿਆ ਹੈ। ਇਹ ਸੰਗੀਤਕ ਸੰਕੇਤ ਅਤੇ ਸਿਰਲੇਖ ਇਸ ਪ੍ਰਕਾਰ ਹਨ ਰਾਗ, ਮਹਲਾ, ਰਹਾਉ, ਬਾਣੀ ਰੂਪ, ਅੰਕ, ਘਰੁ, ਜਤਿ, ਧੁਨਿ ਆਦਿ। ਇਨ੍ਹਾਂ ਸੰਗੀਤਕ ਸੰਕੇਤਾਂ ਅਤੇ ਸਿਰਲੇਖਾਂ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਭਿੰਨ-ਭਿੰਨ ਗਾਇਨ ਰੂਪ ਦਰਜ ਹਨ। ਇਹ ਗਾਇਨ ਰੂਪ ਦੋ ਪ੍ਰਕਾਰ ਦੇ ਹਨ-ਸ਼ਾਸਤਰੀ ਅੰਗ ਦੇ ਅਤੇ ਲੋਕ ਅੰਗ ਦੇ। ਸ਼ਾਸਤਰੀ ਅੰਗ ਦੇ ਗਾਇਨ ਰੂਪ ਵਿੱਚ ਅਸ਼ਟਪਦੀਆਂ, ਪਦੇ, ਹੋਲੀ (ਧਮਾਰ), ਪੜਤਾਲ ਆਦਿ ਆਉਂਦੇ ਹਨ ਅਤੇ ਛੰਤ, ਅਲਾਹਣੀਆਂ, ਘੋੜੀਆਂ, ਮੁੰਦਾਵਣੀ, ਵਾਰ, ਬਾਰਹਮਾਹ ਆਦਿ ਲੋਕ ਅੰਗ ਤੋਂ ਗਾਏ ਜਾਣ ਵਾਲੇ ਗਾਇਨ ਰੂਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਬਾਣੀ ਰੂਪ ਹਨ ਜਿਵੇ: ਵਣਜਾਰਾ, ਪਹਿਰੇ, ਦਿਨ-ਰੈਣ, ਕਰਹਲੇ, ਬਾਵਨ ਆਖਰੀ, ਸੁਖਮਨੀ, ਥਿਤੀ, ਪਟੀ ਬਿਰਹੜੇ, ਸਿਧ ਗੋਸਟਿ, ਰੁਤੀ, ਓਅੰਕਾਰ, ਸੋਲਹੇ, ਡਖਣੇ, ਸੁਚਜੀ; ਕੁਚਜੀ, ਗੁਣਵੰਤੀ, ਅੰਜੁਲੀਆਂ ਆਦਿ ਹਨ। ਗੁਰੂ ਸਾਹਿਬਾਹਨ ਨੇ ਬਾਣੀ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸੰਗੀਤ ਨੂੰ ਮਾਧਿਅਮ ਬਣਾਇਆ ਹੈ। ਭਾਵ ਬਾਣੀ ਨੂੰ ਪੜ੍ਹ ਕੇ ਨਹੀਂ ਸਗੋਂ ਗਾ ਕੇ ਮਾਨਵਤਾ ਤੱਕ ਪਹੁੰਚਾਇਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦੇ ਕੇ ਸਾਨੂੰ ਸ਼ਬਦ ਗੁਰੂ ਨਾਲ ਜੋੜਿਆ। ਅਜੋਕੇ ਸਮੇਂ ਸਿੱਖਾਂ ਦੇ ਅਧਿਆਤਮਕ ਗੁਰੂ ਅਤੇ ਗੁਰਮਤਿ ਸੰਗੀਤ ਦਾ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਕੀਰਤਨ ਦੀ ਮਹੱਤਤਾ ਨੂੰ ਬਾਣੀ ਵਿੱਚ ਗੁਰੂ ਸਾਹਿਬ ਨੇ ਕਈ ਥਾਵਾਂ ਤੇ ਦਰਸਾਇਆ ਹੈ ਜਿਵੇਂ :

ਕਲਿਜੁਗ ਮਹਿ ਕੀਰਤਨ ਪਰਧਾਨਾ
ਗੁਰਮੁਖਿ ਜਪੀਐ ਲਾਇ ਧਿਆਨਾ।

ਰਾਗਾਂ ਦੀ ਮਹੱਤਤਾ ਦੱਸਦੇ ਹੋਏ ਗੁਰੂ ਸਾਹਿਬ ਲਿਖਦੇ ਹਨ :

ਰਾਗ ਨਾਦੁ ਸਭ ਸਚੁ ਹੈ ਕੀਮਤ ਕਹੀ ਨ ਜਾਇ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਰੁੱਤਾਂ, ਇਲਾਕਿਆਂ ਆਦਿ ਨਾਲ ਸਬੰਧਤ ਰਾਗ ਵੀ ਦਰਜ ਹਨ

ਜਿਵੇਂ ਮਲਹਾਰ, ਬੰਸਤ, ਗਉੜੀ ਦੱਖਣੀ, ਮਾਝ ਆਦਿ ਹਨ। ਰਾਗਾਂ ਦੇ ਸਮਾਂ ਸਿਧਾਂਤ ਦੀ ਮਹੱਤਤਾ ਵੀ ਸਾਨੂੰ ਗੁਰਬਾਣੀ ਵਿਚੋਂ ਮਿਲਦੀ ਹੈ। ਜਿਵੇਂ ਜੇਕਰ ਸ਼ਾਮ ਸਮੇਂ ਗਾਣੇ ਜਾਣ ਵਾਲਾ ਰਾਗ ਹੈ ਤਾਂ ਉਸ ਬਾਣੀ ਦੀ ਸ਼ਬਦਾਵਲੀ ਵਿੱਚ ਵੀ ਸ਼ਾਮ ਦੇ ਸਮੇਂ ਨੂੰ ਦਰਸਾਇਆ ਗਿਆ ਹੈ ਜਿਵੇਂ ਸ੍ਰੀ ਰਾਗ ਰਾਤ ਦੇ ਸਮੇਂ ਗਾਏ ਜਾਣ ਵਾਲਾ ਰਾਗ ਹੈ ਇਸ ਵਿਚਲਾ ਸ਼ਬਦ ਹੈ :

ਬਿਨ ਤੇਲ ਦੀਵਾ ਕਿਉ ਜਲੈ...................

ਭਾਵ ਰਾਤ ਦੇ ਹਨੇਰੇ ਵਿੱਚ ਚਾਨਣਾ ਕਰਨ ਲਈ ਦੀਵਾ ਜਲਾਉਣ ਦੀ ਲੋੜ ਪੈਂਦੀ ਹੈ ਅਤੇ ਮਨੁੱਖ ਦੇ ਹਨੇਰੇ ਦਿਲਾਂ ਵਿੱਚ ਚਾਨਣ ਕਰਨ ਲਈ ਨਾਮ ਰੂਪੀ ਦੀਵਾ ਜਗਾਉਣ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਗੁਰਬਾਣੀ ਬਾਹਰਮੁਖੀ ਉਦਾਹਰਣ ਦੇ ਨਾਲ ਅੰਤਰਮੁਖੀ ਹੋ ਕੇ ਮਨੁੱਖ ਨੂੰ ਸਹੀ ਜੀਵਨ ਰਾਹ ਤੇ ਤੁਰਨ ਦੀ ਸਿੱਖਿਆ ਦੇ ਰਹੀ ਹੈ। ਰਾਗਾਂ ਤੋਂ ਇਲਾਵਾਂ ਗੁਰਬਾਣੀ ਵਿੱਚ ਸਾਜ਼ਾਂ ਦੀ ਗੱਲ ਵੀ ਹੋਈ ਹੈ। ਜਿਵੇਂ :

ਜੀਲ ਬਿਨਾ ਕੈਸੇ ਬਜੈ ਰਬਾਬ

ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਧਾਰਮਿਕ ਸੰਗੀਤਕ ਗ੍ਰੰਥ ਹੀ ਨਹੀਂ ਸਗੋਂ ਇਸ ਵਿੱਚ ਗੁਰੂ ਕਾਲ ਸਮੇਂ ਦੀ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਦਸ਼ਾ ਦਾ ਵਰਣਨ ਵੀ ਕੀਤਾ ਗਿਆ ਹੈ ਭਾਵ ਇਸ ਗ੍ਰੰਥ ਵਿੱਚ ਉਸ ਸਮੇਂ ਦੇ ਇਤਿਹਾਸ ਨੂੰ ਵੀ ਸਾਂਭਿਆ ਹੋਇਆ ਹੈ। ਇਹ ਗ੍ਰੰਥ ਹਮੇਸ਼ਾ ਹੀ ਮਾਨਵਤਾ ਨੂੰ ਸਹੀ ਰਾਹ ਦਿਖਾਉਂਦਾ ਰਹੇਗਾ ਅਤੇ ਗੁਰਮਤਿ ਸੰਗੀਤ ਦੇ ਖੋਜਾਰਥੀਆਂ, ਵਿਦਿਆਰਥੀਆਂ, ਅਧਿਆਪਕਾਂ ਤੇ ਕੀਰਤਨਕਾਰਾਂ ਨੂੰ ਗੁਰਮਤਿ ਸੰਗੀਤ ਸਿਧਾਂਤ ਅਨੁਸਾਰ ਖੋਜ ਕਰਨ ਅਤੇ ਕੀਰਤਨ ਕਰਨ ਦੀ ਪ੍ਰੇਰਨਾ ਦਿੰਦਾ ਰਹੇਗਾ।

ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ।



# ਅਨੰਦ ਸਾਹਿਬ ਦੀ ਬਾਣੀ ਵਿਚ ਸਤਿਗੁਰੂ ਦਾ ਸੰਕਲਪ

ਪ੍ਰੋ: ਹਰਪ੍ਰੀਤ ਕੌਰ

ਗੁਰਬਾਣੀ ਵਿੱਚ ਆਏ ਧਾਰਮਿਕ ਸੰਕਲਪਾਂ ਵਿਚੋਂ ਸਭ ਤੋਂ ਮੁੱਢਲਾ ਅਤੇ ਮਹੱਤਵਪੂਰਨ ਸੰਕਲਪ ਗੁਰੂ ਜਾਂ ਸਤਿਗੁਰੂ ਦਾ ਹੈ। ਸਿਧਾਂਤਕ ਤੌਰ ਤੇ ਅਤੇ ਮਨੁੱਖੀ ਜੀਵਨ ਦੇ ਆਤਮਿਕ ਵਿਕਾਸ ਦੀ ਸਾਧਨਾ ਵਿਚ ਗੁਰੂ ਦਾ ਬਹੁਤ ਹੀ ਮਹੱਤਵ ਹੈ ਅਤੇ ਇਸ ਤੋਂ ਬਿਨਾਂ ਮਨੁੱਖੀ ਆਤਮਾ ਪਰਮਾਤਮਾ ਨੂੰ ਪਾਪਤ ਨਹੀਂ ਕਰ ਸਕਦੀ ਇਸ ਲਈ ਮੁੱਢਲੇ ਤੌਰ ਤੇ ਗੁਰੂ ਇਕ ਐਸੀ ਮੁੱਢਲੀ ਕੜੀ ਹੈ ਜਿਹੜੀ ਪਰਮਾਤਮਾ ਨਾਲ ਆਤਮਾ ਨੂੰ ਜੋੜਦੀ ਹੈ। ਗੁਰੂ ਅਮਰਦਾਸ ਜੀ ਦੀ ਰਚਿਤ ਸ਼ਾਹਕਾਰ ਬਾਣੀ ਆਨੰਦ ਸਾਹਿਬ ਵਿਚ ਬਹੁਤ ਸਾਰੇ ਧਾਰਮਿਕ ਸੰਕਲਪਾਂ ਦਾ ਉਲੇਖ ਹੋਇਆ ਹੈ ਅਤੇ ਇਹਨਾਂ ਸੰਕਲਪਾਂ ਵਿਚੋਂ ਗੁਰੂ ਜਾਂ ਸਤਿਗੁਰੂ ਦਾ ਸੰਕਲਪ ਇੱਕ ਮਹੱਤਵਪੂਰਨ ਸੰਕਲਪ ਹੈ।

ਆਨੰਦ ਸਾਹਿਬ ਦੀ ਬਾਣੀ ਵਿਚ ਗੁਰੂ ਦੇ ਸੰਕਲਪ ਦਾ ਵਰਣਨ ਕਰਨ ਤੋਂ ਪਹਿਲਾਂ ਇਸਦਾ ਸ਼ਾਬਦਿਕ ਵਿਸ਼ਲੇਸ਼ਣ ਇਸ ਪ੍ਰਕਾਰ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ "ਗੁਰੂ ਸ਼ਬਦ ਸੰਸਕ੍ਰਿਤ ਭਾਸ਼ਾ ਤੋਂ ਆਇਆ ਹੋਇਆ ਸ਼ਬਦ ਹੈ। ਜਿਸਦਾ ਧਾਤੂ 'ਗ੍ਰੀ' ਹੈ। ਜਿਸਦਾ ਅਰਥ ਹੈ ਨਿਗਲਣਾ ਜਾਂ ਸਮਝਾਉਣਾ । ਇਸ ਪ੍ਰਸੰਗ ਵਿਚ ਗੁਰੂ ਉਹ ਵਿਅਕਤੀ ਹੈ ਜਿਹੜਾ ਮਨੁੱਖੀ ਅਗਿਆਨਤਾ ਨੂੰ ਖਾ ਜਾਂਦਾ ਹੈ ਅਤੇ ਮਨੁੱਖ ਨੂੰ ਤੱਤ ਗਿਆਨ ਸਮਝਾਉਂਦਾ ਹੈ।" ਇਸ ਤੋਂ ਇਲਾਵਾ ਗੁਰੂ ਦੇ ਅਰਥ ਧਰਮ ਉਪਨਿਸ਼ਠਤਾ ਜਾਂ ਧਰਮ ਆਚਾਰੀਆ, ਵਿੱਦਿਆ ਦੇਣ ਵਾਲਾ ਉਸਤਾਦ ਤੇ ਪਾਰਬਬ੍ਰਹਮ ਵੀ ਹਨ। ਇਸ ਸ਼ਬਦ ਦੇ ਮੁੱਢਲੇ ਅਰਥ ਅਗਿਆਨਤਾ ਨੂੰ ਖਤਮ ਕਰਨ ਤੇ ਤੱਤ ਦੇਣ ਵਾਲਾ ਵਿਅਕਤੀ ਗੁਰੂ ਹੈ।

ਭਾਰਤੀ ਪਰੰਪਰਾ ਵਿਚ ਗੁਰੂ ਸ਼ਬਦ ਦੀ ਉੱਤਪਤੀ ਦੋ ਸ਼ਬਦਾਂ ਗੁ+ਰੂ ਤੋਂ ਹੋਈ ਹੈ। 'ਗੁ' ਦਾ ਅਰਥ ਹੈ ਅੰਧਕਾਰ ਤੇ 'ਰੂ' ਦਾ ਅਰਥ ਹੈ ਪਰਕਾਸ਼। ਇਸ ਪ੍ਰਸੰਗ ਵਿਚ ਗੁਰੂ ਉਹ ਹੈ ਜੋ ਮਨੁੱਖ ਮਨ ਵਿਚੋਂ ਅਗਿਆਨਤਾ ਦਾ ਅੰਧਕਾਰ ਦੂਰ ਕਰਕੇ ਗਿਆਨ ਦਾ ਪਰਕਾਸ਼ ਕਰਦਾ ਹੈ।ਵੱਖ-ਵੱਖ ਵਿਦਵਾਨਾਂ ਵੱਲੋਂ ਗੁਰੂ ਸ਼ਬਦ ਦੀ ਪਰਿਭਾਸ਼ਾ ਵੱਖ-ਵੱਖ ਦਿੱਤੀ ਗਈ ਹੈ ਇਸ ਕਰਕੇ ਅਨੇਕ ਅਰਥੀ ਸ਼ਬਦ ਦੀਆਂ ਪਰਿਭਾਸ਼ਾਵਾਂ ਵੀ ਅਨੇਕ ਹਨ। ਡਾ. ਭਾਈ ਜੋਧ ਸਿੰਘ ਅਨੁਸਾਰ "ਗੁਰੂ ਦਾ ਭਾਵ ਉਸ ਖਾਸ ਹਸਤੀ ਤੋਂ ਹੈ ਜਿਸਨੂੰ ਨਿਰੰਕਾਰ ਵੱਲੋਂ ਧਰਮ ਨੂੰ ਮੁੜ ਪ੍ਰਗਟ ਕਰਨ ਲਈ ਭੇਜਿਆ ਜਾਂਦਾ ਹੈ।" ਪ੍ਰੋ.ਪਿਆਰਾ ਸਿੰਘ ਪਦਮ ਅਨੁਸਾਰ "ਅਧਿਆਤਮਕ ਜੀਵਨ ਦਾ ਮਾਰਗ ਦਰਸ਼ਕ ਗੁਰੂ ਹੈ।"

ਗੁਰਬਾਣੀ ਵਿਚ ਗੁਰੂ ਜਾਂ ਸਤਿਗੁਰੂ ਸ਼ਬਦ ਕਈ ਪ੍ਰਸੰਗਾਂ ਵਿਚ ਵਰਤਿਆ ਗਿਆ ਹੈ ਅਤੇ ਇਸਦਾ ਮੁੱਢਲਾ ਪ੍ਰਸੰਗ ਪਰਮਾਤਮਾ ਗੁਰੂ ਦਾ ਹੈ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਸ ਪੱਖ

ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ :-

ਅਪੰਰਪਰ ਪਾਰਬ੍ਰਹਮ ਪ੍ਰਮੇਸ਼ਰ

ਨਾਨਕ ਗੁਰਿ ਮਿਲਿਆ ਸੋਈ ਜੀਉ ॥

ਗੁਰਬਾਣੀ ਵਿਚ ਗੁਰੂ ਦਾ ਦੂਸਰਾ ਪੱਖ ਗੁਰੂ ਵਿਅਕਤੀ ਦਾ ਹੈ ਅਤੇ ਇਸ ਪੱਖ ਤੋਂ ਇਹ ਸ਼ਬਦ ਗੁਰੂ ਸਾਹਿਬਾਨਾਂ ਲਈ ਵਰਤਿਆ ਗਿਆ ਹੈ ਕਿਉਂਕਿ ਸਾਰੇ ਗੁਰੂ ਸਾਹਿਬਾਨਾਂ ਵਿਚ ਗੁਰੂ ਜੋਤ ਦੀ ਏਕਤਾ ਹੈ। ਭਾਈ ਗੁਰਦਾਸ ਜੀ ਇਸ ਗੱਲ ਦੀ ਪ੍ਰੋੜਤਾ ਕਰਦੇ ਹੋਏ ਲਿਖਦੇ ਹਨ :-

ਸਤਿਗੁਰੂ ਨਾਨਕ ਪ੍ਰਗਟਿਆ,

ਮਿਟੀ ਧੁੰਦ ਜਗ ਚਾਨਣ ਹੋਆ ॥

ਗੁਰੂ ਦੇ ਸਿਧਾਂਤ ਦਾ ਤੀਸਰਾ ਪੱਖ ਸ਼ਬਦ ਜਾਂ ਬਾਣੀ ਗੁਰੂ ਦਾ ਹੈ ਅਤੇ ਇਸ ਪੱਖ ਦੀ ਪ੍ਰੋੜਤਾ ਗੁਰਬਾਣੀ ਵਿਚ ਕਈ ਕਥਨਾਂ ਦੁਆਰਾ ਕੀਤੀ ਗਈ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ

ਵਿਚ ਬਾਣੀ ਅੰਮ੍ਰਿਤ ਸਾਰੇ ॥

ਸਬਦ ਗੁਰਿ ਪੀਰਾ ਗਹਿਰ ਗੰਭੀਰਾ,

ਬਿਨ ਸਬਦੇ ਜਗ ਬਓਰਾਨੰ ॥

ਅਨੰਦ ਸਾਹਿਬ ਦੀ ਬਾਣੀ ਦੀ ਪਹਿਲੀ ਪਉੜੀ ਵਿਚ ਗੁਰੂ ਅਮਰਦਾਸ ਜੀ ਪਰਮਾਤਮਾ ਗੁਰੂ ਦੇ ਪੱਖ ਨੂੰ ਉਜਾਗਰ ਕਰਦੇ ਹੋਏ ਉਸਦੀ ਪ੍ਰਾਪਤੀ ਦੀ ਅਵਸਥਾ ਨੂੰ ਵੀ ਆਨੰਦ ਦੀ ਪ੍ਰਾਪਤੀ ਦੀ ਅਵਸਥਾ ਸਵਿਕਾਰ ਕਰਦੇ ਹਨ । ਅਸਲ ਵਿਚ ਪਰਮਾਤਮਾ ਸਤਿਗੁਰ ਦੀ ਪ੍ਰਾਪਤੀ ਹੀ ਆਨੰਦ ਦੀ ਪ੍ਰਾਪਤੀ ਹੈ ਕਿਉਂਕਿ ਪਰਮਾਤਮਾ ਸੱਤ ਚਿੱਤ ਆਨੰਦ ਹੋਣ ਦੇ ਨਾਲ ਨਾਲ ਆਨੰਦ ਸਰੂਪ ਵੀ ਹੈ ਇਸ ਲਈ ਪਰਮਾਤਮਾ ਦੀ ਪ੍ਰਾਪਤੀ ਦੇ ਨਾਲ ਹੀ ਜੀਵ ਆਤਮਾ ਆਨੰਦਿਤ ਹੁੰਦੀ ਹੈ। ਗੁਰੂ ਜੀ ਦਾ ਫੁਰਮਾਣ ਹੈ:-

ਕਹੈ ਨਾਨਕ ਆਨੰਦ ਹੋਆ

ਸਤਿਗੁਰੂ ਮੈ ਪਾਇਆ ॥

ਸਤਿਗੁਰੂ ਦੇ ਮਹੱਤਵ ਨੂੰ ਦਰਸਾਉਂਦੇ ਹੋਏ ਗੁਰੂ ਅਮਰਦਾਸ ਜੀ ਮਨੁੱਖ ਨੂੰ ਉਪਦੇਸ਼ ਕਰਦੇ ਹਨ ਕਿ ਸੰਸਾਰ ਦੀ ਕੋਈ ਵੀ ਚੀਜ਼ ਮੌਤ ਉਪਰੰਤ ਤੇਰੇ ਨਾਲ ਜਾਣ ਵਾਲੀ ਨਹੀਂ ਹੈ ਇੱਕ ਸੱਚੇ ਸਤਿਗੁਰੂ ਦਾ ਉਪਦੇਸ਼ ਹੀ ਹੈ ਜਿਸਨੇ ਜੀਵ ਆਤਮਾ ਦੇ ਨਾਲ ਹਮੇਸ਼ਾਂ ਰਹਿਣਾ ਹੈ ਇਸ ਲਈ ਜਿਥੇ ਸੰਸਾਰ ਨਾਸ਼ਵੰਤ ਹੈ, ਚਲਾਏਮਾਨ ਹੈ ਉਥੇ ਸਤਿਗੁਰੂ ਦਾ ਉਪਦੇਸ਼ ਅਟੱਲ ਅਤੇ ਸਥਿਰ ਹੈ। ਪਰਮਾਤਮਾ ਦਾ ਇਹ ਰੱਬੀ ਉਪਦੇਸ਼ ਮਨੁੱਖ ਨੂੰ ਗੁਰੂ ਵਿਅਕਤੀ ਦੁਆਰਾ ਪ੍ਰਾਪਤ ਹੁੰਦਾ ਹੈ। ਗੁਰੂ ਜੀ ਦਾ ਕਥਨ ਹੈ:-

ਸਤਿਗੁਰ ਕਾ ਉਪਦੇਸੁ ਸੁਣਿ ਤੂੰ

ਹੋਵਹਿ ਤੇਰੈ ਨਾਲੈ ॥

ਗੁਰੂ ਵਿਅਕਤੀ ਦੁਆਰਾ ਹੀ ਮਨੁੱਖ ਨੂੰ ਸਹੀ ਆਨੰਦ ਦੀ ਸੋਝੀ ਪਾਪਤ ਹੁੰਦੀ ਹੈ। ਗੁਰੂ ਵਿਅਕਤੀ ਹੀ ਆਨੰਦ ਦੀ ਪ੍ਰਾਪਤੀ ਦਾ ਮੁੱਖ ਸਾਧਨ ਹੈ ਭਾਵੇਂ ਸਾਰੇ ਜੀਵ ਆਨੰਦ ਦੀ ਗੱਲ ਕਰਦੇ ਹਨ ਪਰ ਅਸਲ ਵਿਚ ਆਨੰਦ ਕੀ ਹੈ ? ਇਸਦੀ ਵਾਸਤਵਿਕ ਸੋਝੀ ਮਨੁੱਖ ਨੂੰ ਸੱਚੇ ਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ। ਮਨੁੱਖ ਆਪਣੀ ਸਿਆਣਪ ਦੇ ਨਾਲ ਜਾਂ ਬੁੱਧੀ ਦੇ ਨਾਲ ਇਹ ਸੋਝੀ ਪ੍ਰਾਪਤ ਨਹੀਂ ਕਰ ਸਕਦਾ ਸੋ ਇਸ ਪੱਖ ਤੋਂ ਗੁਰੂ ਦਾ ਮਹੱਤਵ ਦਰਸਾਉਂਦੇ ਹੋਏ ਗੁਰੂ ਅਮਰਦਾਸ ਜੀ ਕਥਨ ਕਰਦੇ ਹਨ :-

ਆਨੰਦ ਆਨੰਦ ਸਭ ਕੋ ਕਹੈ

ਆਨੰਦ ਗੁਰੂ ਤੇ ਜਾਣਿਆ ॥

ਮਨੁੱਖੀ ਜੀਵਨ ਵਿਚੋਂ ਕਿਲਵਿਖ ਅਰਥਾਤ ਪਾਪਾਂ ਦਾ ਖਾਤਮਾ ਹੋ ਜਾਣਾ ਅਤੇ ਮਨੁੱਖੀ ਹਿਰਦੇ ਵਿੱਚ ਪ੍ਰਭੂ ਗਿਆਨ ਦਾ ਉਦੈ ਹੋ ਜਾਣਾ ਹੀ ਗਿਆਨ ਦੀ ਅਵਸਥਾ ਹੈ ਤੇ ਇਸ ਅਵਸਥਾ ਦੀ ਸੋਝੀ ਗੁਰੂ ਹੀ ਮਨੁੱਖ ਨੂੰ ਪ੍ਰਦਾਨ ਕਰਦਾ ਹੈ। ਗੁਰੂ ਅਮਰਦਾਸ ਜੀ ਆਨੰਦ ਸਾਹਿਬ ਵਿਚ ਮਨੁੱਖੀ ਜੀਵਨ ਦਾ ਸੋਮਾ ਪ੍ਰਮਾਤਮਾ ਗੁਰੂ ਦੀ ਜੋਤ ਨੂੰ ਮੰਨਦੇ ਹਨ। ਮਨੁੱਖੀ ਜੀਵਨ ਪ੍ਰਗਟ ਰੂਪ ਵਿਚ ਉਦੋਂ ਹੀ ਹੋਂਦ ਵਿਚ ਆਉਂਦਾ ਹੈ ਜਦੋਂ ਪ੍ਰਮਾਤਮਾ ਗੁਰੂ ਆਪਣੀ ਜੋਤ ਉਸ ਵਿਚ ਟਿਕਾਉਂਦਾ ਹੈ। ਸੰਸਾਰ ਵਿਚ ਰਹਿੰਦਾ ਹੋਇਆ ਮਨੁੱਖ ਮਾਇਆ, ਅਗਿਆਨਤਾ,ਹਉਮੈ ਵਿਸ਼ੇ ਵਿਕਾਰਾਂ ਵਾਲਾ ਹੋ ਜਾਂਦਾ ਹੈ। ਮਾਇਆ ਦੇ ਪ੍ਰਭਾਵ ਸਦਕਾ ਹੀ ਜੀਵ ਪਰਮਾਤਮਾ ਤੋਂ ਵਿਛੜ ਜਾਂਦਾ ਹੈ। ਪਰਮਾਤਮਾ ਨਾਲ ਮੁੜ ਮਿਲਾਪ ਕਰਕੇ ਜੀਵ ਮਾਇਆ ਤੇ ਹਉਮੈ ਤੋਂ ਸੁਤੰਤਰਤਾ ਪ੍ਰਾਪਤ ਕਰ ਲੈਂਦਾ ਹੈ। ਗੁਰੂ ਜੀ ਨੇ ਸਤਿਗੁਰੂ ਦੀ ਲੋੜ ਨੂੰ ਦਰਸਾਇਆ ਹੈ। ਗੁਰੂ ਦੀ ਕਿਰਪਾ ਹੀ ਮਨੁੱਖ ਨੂੰ ਮੁੜ ਪਰਮਾਤਮਾ ਨਾਲ ਮਿਲਾ ਸਕਦੀ ਹੈ ਪਰਮਾਤਮਾ ਦੀ ਪ੍ਰਾਪਤੀ ਲਈ ਮਨੁੱਖ ਨੂੰ ਸੰਸਾਰ ਦਾ ਤਿਆਗ ਕਰਨ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਗੁਰੂ ਦੀ ਕਿਰਪਾ ਸਦਕਾ ਉਹਦੀ ਸੁਰਤ ਗੁਰੂ ਸ਼ਬਦ ਵਿਚ ਹਮੇਸ਼ਾਂ ਲੱਗੀ ਰਹਿੰਦੀ ਹੈ ਗੁਰ ਫੁਰਮਾਣ ਹੈ:-

ਕਹੈ ਨਾਨਕ ਗੁਰਪਰਸਾਦੀ, ਜਿਨਾ ਲਿਵ ਲਾਗੀ,

ਤਿਨੀ ਵਿਚੇ ਮਾਇਆ ਪਾਇਆ ॥

ਸਤਿਗੁਰ ਦੀ ਕ੍ਰਿਪਾ ਸਦਕਾ ਹੀ ਮਨੁੱਖ ਅੰਦਰ ਦੈਵੀ ਚੇਤਨਾ ਪੈਦਾ ਹੁੰਦੀ ਹੈ ਜਿਸਦੇ ਸਦਕਾ ਉਹ ਵਿਸ਼ੇ ਵਿਕਾਰਾਂ ਤੋਂ ਹਮੇਸ਼ਾਂ ਸੁਚੇਤ ਰਹਿੰਦਾ ਹੈ ਉਹ ਕਦੀ ਵੀ ਮਾਇਆ ਜਾਂ ਅਗਿਆਨਤਾ ਦੀ ਨੀਂਦ ਨਹੀਂ ਸੌਂਦਾ ਅਤੇ ਇਸ ਦੈਵੀ ਚੇਤਨਾ ਸਦਕਾ ਉਹ ਪਰਮ ਤੱਤ ਪਰਮਾਤਮਾ ਨੂੰ ਸੰਸਾਰ ਵਿਚ ਰਹਿੰਦਾ ਹੋਇਆ ਪ੍ਰਾਪਤ ਕਰ ਲੈਂਦਾ ਹੈ।

ਆਨੰਦ ਸਾਹਿਬ ਦੀ ਬਾਣੀ ਵਿਚੋਂ ਸਾਨੂੰ ਗੁਰੂ ਦੀ ਸਮਰਥਾ ਜਾਂ ਤਾਕਤ ਦਾ ਪਤਾ ਲੱਗਦਾ ਹੈ ਜਾਂ ਗੁਰੂ ਦੇ

ਮਹੱਤਵ ਦਾ ਪਤਾ ਚੱਲਦਾ ਹੈ ਕਿ ਇਸ ਅੰਮ੍ਰਿਤ ਨੂੰ ਦੇਵੀ ਦੇਵਤੇ, ਮੁਨੀ ਜਨ ਲੋਚਦੇ ਹਨ ਜਾਂ ਉਸਦੀ ਪ੍ਰਾਪਤੀ ਕਰਨਾ ਚਾਹੁੰਦੇ ਹਨ ਉਹ ਪ੍ਰਾਪਤੀ ਸਿਰਫ਼ ਤੇ ਸਿਰਫ਼ ਸਤਿਗੁਰੂ ਤੋਂ ਹੀ ਹੋ ਸਕਦੀ ਹੈ ਪਰ ਇਸਦੀ ਪ੍ਰਾਪਤੀ ਲਈ ਮਨੁੱਖ ਗੁਰੂ ਦੀ ਕਿਰਪਾ ਦਾ ਪਾਤਰ ਬਣ ਜਾਂਦਾ ਹੈ ਉਸਨੂੰ ਅੰਮ੍ਰਿਤ ਰੂਪੀ ਅਮੋਲਕ ਦਾਤ ਪ੍ਰਾਪਤ ਹੋ ਜਾਂਦੀ ਹੈ।

ਕਹੈ ਨਾਨਕ ਜਿਸਨੋ ਆਪ ਤੁਠਾ

ਤਿਨਿ ਅੰਮ੍ਰਿਤ ਗੁਰਿ ਤੇ ਪਾਇਆ ॥

ਅਸਲ ਵਿਚ ਬਾਣੀ ਜਾਂ ਸ਼ਬਦ ਵਿਚ ਗੁਰੂ ਆਪ ਵਿਦਮਾਨ ਹੈ। ਗੁਰੂ ਦਾ ਗਿਆਨ ਬਾਣੀ ਜਾਂ ਗੁਰ ਸ਼ਬਦ ਵਿਚ ਹੀ ਹੈ। ਇਸ ਲਈ ਗਿਆਨ ਅਰਥਾਤ ਗੁਰੂ ਤੇ ਬਾਣੀ ਨੂੰ ਵੱਖਰਾ -ਵੱਖਰਾ ਨਹੀ਼ ਕੀਤਾ ਜਾ ਸਕਦਾ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਨੂੰ ਇਸ ਜੱਗ ਵਿਚ ਚਾਨਣ ਕਿਹਾ ਗਿਆ ਹੈ।

ਗੁਰਬਾਣੀ ਇਸ ਜਗੁ ਮਹਿ ਚਾਨਣੁ ॥

ਇਸ ਲਈ ਆਨੰਦ ਬਾਣੀ ਵਿਚ ਮਨੁੱਖ ਨੂੰ ਉਪਦੇਸ਼ ਕੀਤਾ ਗਿਆ ਹੈ ਕਿ ਸੱਚੇ ਗੁਰੂ ਦੀ ਬਾਣੀ ਦਾ ਗਾਇਨ ਕਰੇ ਕਿਉਂਕਿ ਗੁਰੂ ਦੀ ਬਾਣੀ ਸ਼੍ਰੋਮਣੀ ਬਾਣੀ ਹੈ ਤੇ ਪਰਮਾਤਮਾ ਰੂਪੀ ਸੱਚ ਨਾਲ ਭਰਪੂਰ ਹੈ। ਇਕਮਨ ਹੋ ਕੇ ਬਾਣੀ ਗਾਇਨ ਕਰਨ ਨਾਲ ਮਨੁੱਖ ਇਸ ਵਿਚਲੇ ਗਿਆਨ ਨੂੰ ਪ੍ਰਾਪਤ ਕਰ ਲੈਂਦਾ ਹੈ ਜਿਵੇਂ :-

ਬਾਣੀ ਮੁਖਹੁ ਉਚਾਰੀਐ,

ਹੋਵੈ ਰੁਸਨਾਈ ਮਿਟੈ ਅੰਧਿਆਰਾ ॥

ਸੋ ਇਸ ਲਈ ਗੁਰੂ ਸ਼ਬਦ ਦੇ ਮਹੱਤਵ ਨੂੰ ਸਵੀਕਾਰ ਕਰਦੇ ਹੋਏ ਉਪਦੇਸ਼ ਰੂਪ ਵਿਚ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:-

ਆਵਹੁ ਸਿਖ ਸਤਿਗੁਰੂ ਕੇ ਪਿਆਰਿਓ,

ਗਾਵਹੁ ਸਚੀ ਬਾਣੀ ॥

ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਆਨੰਦ ਸਾਹਿਬ ਦੀ ਬਾਣੀ ਵਿਚ ਸਤਿਗੁਰੂ ਦੇ ਸੰਕਲਪ ਵਿਚ ਤਿੰਨ ਪੱਖ ਹਨ ਪਰਮਾਤਮਾ ਗੁਰੂ, ਵਿਅਕਤੀ ਗੁਰੂ ਤੇ ਸ਼ਬਦ ਗੁਰੂ । ਗੁਰੂ ਦੇ ਦੁਆਰਾ ਹੀ ਮਨੁੱਖ ਪਰਮਾਤਮਾ ਦੀ, ਆਨੰਦ ਦੀ ਪ੍ਰਾਪਤੀ ਕਰ ਸਕਦਾ ਹੈ। ਗੁਰੂ ਦੀ ਕ੍ਰਿਪਾ ਦਾ ਪਾਤਰ ਬਣਨ ਲਈ ਮਨੁੱਖ ਨੂੰ ਗੁਰੂ ਪ੍ਰਤੀ ਪੂਰਨ ਆਤਮ ਸਮਰਪਣ ਕਰਨ ਦੀ ਲੋੜ ਹੈ।

1666, ਗਲੀ ਨੰ: 16, ਜਨਕਪੁਰੀ, ਲੁਧਿਆਣਾ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਸਿਮਰਨ

### ਕਰਮ ਸਿੰਘ ਰਤਨ

ਸਿਮਰਨ ਇਕ ਬਹੁਤ ਉੱਚੀ ਅਵਸਥਾ ਹੈ ਅਤੇ ਸਿਮਰਨ ਦਾ ਅਰਥ ਹੈ, ਕਿਸੇ ਦੀ ਯਾਦ, ਜਦੋਂ ਕਿਸੇ ਵੀ ਪ੍ਰਾਣੀ ਨੂੰ (ਭਾਵੇਂ ਉਹ ਪੁਰਸ਼ ਹੈ ਭਾਵੇਂ ਇਸਤਰੀ) ਹੈ, ਕਿਸੇ ਨਾਲ ਪਿਆਰ ਹੋ ਜਾਏ, ਕਿਸੇ ਨਾਲ ਇਸ਼ਕ ਹੋ ਜਾਏ ਅਤੇ ਉਹ ਇਸ਼ਕ, ਪ੍ਰੇਮ, ਇਸ ਹੱਦ ਤਕ ਪਹੁੰਚ ਜਾਏ, ਕਿ ਮਨੁੱਖ ਪਾਗਲਾਂ ਵਾਲੀ ਸਥਿਤੀ ਵਿਚ ਪਹੁੰਚ ਜਾਏ, ਮਨੁੱਖ ਬਉਰਾ ਹੋ ਜਾਏ, ਪਰ ਸਮਾਂ ਤੇ ਹਾਲਾਤ ਐਸੇ ਹੋ ਜਾਣ ਕਿ ਮਨੁੱਖ ਆਪਣੇ ਪ੍ਰੇਮੀ ਨੂੰ ਮਿਲ ਨਾ ਸਕੇ, ਕੋਈ ਐਸੀ ਸਥਿਤੀ ਬਣ ਜਾਇ ਜਾਂ ਸਮਾਜਿਕ ਅੜਿਚਣਾਂ ਅੱਗੇ ਆ ਜਾਣ, ਜਾਂ ਉਮਰ ਦੇ ਤਕਾਜ਼ੇ ਅੱਗੇ ਆ ਜਾਣ, ਜਾਂ ਕੋਈ ਮਜ਼ਹਬੀ ਅੜਿਚਣ ਜਾਂ ਆਰਥਿਕ ਸਥਿਤੀ ਸਾਹਮਣੇ ਆ ਜਾਵੇ, ਮਤਲਬ ਕਿ ਕਿਸੇ ਵੀ ਕਾਰਨ ਕਰਕੇ, ਦੋ ਪ੍ਰੇਮੀ ਆਪਸ ਵਿਚ ਮਿਲ ਨਾ ਸਕਣ, ਪਰ ਉਹ ਇਕੋ ਦੂਜੇ ਨੂੰ ਭੁੱਲ ਵੀ ਨਾ ਸਕਣ, ਤੇ ਛੱਡ ਵੀ ਨਾ ਸਕਣ, ਐਸੀ ਹਾਲਤ ਵਿਚ ਪ੍ਰਾਣੀ ਮਾਤਰ ਦੀ ਜੋ ਹਾਲਤ ਹੁੰਦੀ ਹੈ, ਵੇਖਣ ਵਾਲੇ ਲੋਕ,ਉਸ ਨੂੰ ਬਉਰਾ (ਪਾਗਲ) ਸਮਝਣ ਲੱਗ ਪੈਂਦੇ ਹਨ, ਪਰ ਉਹ ਪ੍ਰਾਣੀ ਬਉਰਾ ਨਹੀਂ ਹੁੰਦਾ, ਉਹ ਪਾਗਲ ਨਹੀਂ ਹੁੰਦਾ, ਉਸ ਦੇ ਅੰਦਰ ਆਪਣੇ ਪ੍ਰੇਮੀ ਦਾ, ਆਪਣੇ ਇਸ਼ਟ ਦਾ ਪ੍ਰੇਮ ਹੀ ਚਲਦਾ ਰਹਿੰਦਾ ਹੈ, ਉਹ ਆਪਣੇ ਪ੍ਰੇਮੀ ਦੀ ਯਾਦ ਵਿਚ ਹੀ ਵਿਚਰਦਾ ਰਹਿੰਦਾ ਹੈ, ਉਠਦਿਆਂ, ਬਹਿੰਦਿਆਂ, ਸੌਂਦਿਆਂ, ਜਾਗਦਿਆਂ, ਖਾਂਦਿਆਂ, ਪੀਂਦਿਆਂ, ਹਰ ਵਕਤ ਉਸ ਦੀ ਯਾਦ ਚਲਦੀ ਹੀ ਰਹਿੰਦੀ ਹੈ, ਉਸੇ ਯਾਦ ਨੂੰ ਹੀ ਸਿਮਰਨ ਕਹਿੰਦੇ ਹਨ, ਇਸੇ ਨੂੰ ਹੀ ਪ੍ਰੇਮ ਕਹਿੰਦੇ ਹਨ, ਇਸੇ ਨੂੰ ਹੀ ਇਸ਼ਕ ਕਹਿੰਦੇ ਹਨ, ਤੇ ਇਸੇ ਨੂੰ ਹੀ ਭਗਤੀ ਕਹਿੰਦੇ ਹਨ।

ਫ਼ਰਕ ਸਿਰਫ਼ ਇਤਨਾ ਹੀ ਹੁੰਦਾ ਹੈ ਕਿ ਜਿਸ ਪ੍ਰਾਣੀ ਦਾ ਪਿਆਰ ਪਰਮਾਤਮਾ ਨਾਲ ਹੋ ਜਾਦਾ ਹੈ, ਉਸ ਨੂੰ ਦੁਨੀਆਂ ਦੇ ਆਮ ਲੋਕ ਅਤੇ ਭਗਤ ਕਹਿ ਦੇਂਦੇ ਹਨ ਅਤੇ ਜਿਸ ਦਾ ਪਿਆਰ ਕਿਸੇ ਮਨੁੱਖ ਪੁਰਸ਼ ਜਾਂ ਇਸਤਰੀ ਨਾਲ ਹੋ ਜਾਂਦਾ ਹੈ, ਉਸ ਨੂੰ ਲੋਕ ਆਸ਼ਿਕ ਕਹਿ ਦੇਂਦੇ ਹਨ, ਪਰ ਅਸਲ ਵਿਚ ਆਸ਼ਕ ਅਤੇ ਭਗਤ ਦੀ ਮਾਨਸਿਕ ਅਵਸਥਾ ਇਕੋ ਹੀ ਹੁੰਦੀ ਹੈ, ਕਿਸੇ ਨੂੰ ਕਿਸੇ ਮਨੁੱਖ ਵਿਚੋਂ ਈਸ਼ਵਰ ਨਜ਼ਰ ਆਉਂਦਾ ਹੈ, ਜਿਸ ਤਰ੍ਹਾਂ ਮਜਨੂੰ ਨੂੰ ਲੈਲਾ ਵਿਚੋਂ ਖੁਦਾ ਨਜ਼ਰ ਆ ਗਿਆ ਤੇ ਲੈਲਾ ਨੂੰ ਮਜਨੂੰ ਵਿਚੋਂ ਖੁਦਾ ਦਿਸ ਪਿਆ, ਜਿਸ ਤਰ੍ਹਾਂ ਸੋਰਠਿ ਵਿਚੋਂ ਬੀਜਾ ਅਤੇ ਸੋਰਠਿ ਨੂੰ ਬੀਜਾ ਵਿਚੋਂ ਰੱਬ ਦਿਸ ਪਿਆ ਅਤੇ ਸੋਰਠ ਦੇ ਨਾਮ ਤੇ ਰਾਗ ਸੋਰਠਿ ਪ੍ਰਚਲਤ ਹੋ ਗਿਆ ਅਤੇ ਰਾਂਝੇ ਨੂੰ ਹੀਰ ਵਿਚੋਂ ਖੁਦਾ ਨਜ਼ਰ ਆ ਗਿਆ ਤੇ ਇਹਨਾਂ ਦਾ ਇਸ਼ਕ ਇਤਨਾ ਮਸ਼ਹੂਰ ਹੋ ਗਿਆ ਕਿ ਹੀਰ ਦੇ ਨਾਮ ਦੀ ਇਕ ਧੁਨ ਇਕ ਗਾਇਕੀ ਪ੍ਰਚਲਤ ਹੋ ਗਈ, ਪੰਜਾਬ ਵਿਚ ਹੀਰ ਦੀ ਗਾਇਕੀ ਮਸ਼ਹੂਰ ਹੈ, ਸੱਸੀ ਅਤੇ ਪੁੰਨੂੰ ਨੂੰ ਵੀ ਇਕ

ਦੂਸਰੇ ਵਿਚੋਂ ਖੁਦਾ ਨਜ਼ਰ ਆ ਗਿਆ, ਸੋਹਣੀ ਨੂੰ ਮਹੀਂਵਾਲ ਵਿਚੋਂ ਅਤੇ ਮਹੀਂਵਾਲ ਨੂੰ ਸੋਹਣੀ ਵਿਚੋਂ ਰੱਬ ਨਜ਼ਰ ਆ ਗਿਆ ਅਤੇ ਇਹਨਾਂ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਭਰੀ ਹੈ (ਲੈਲਾ ਮਜਨੂੰ ਆਸ਼ਕੀ, ਚਹੁੰ ਚੱਕੀ ਜਾਤੀ। ਸੋਰਠਿ ਬੀਜਾ ਗਾਵੀਐ, ਜਸੁ ਸੁਘੜਾ ਵਾਤੀ॥ ਸੱਸੀ ਪੁੰਨੂੰ ਦੋਸਤੀ, ਹੋਇ ਜਾਤਿ ਅਜਾਤੀ॥ ਮਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ॥ ਰਾਂਝਾ ਹੀਰ ਵਖਾਣੀਐ, ਓਹੁ ਪ੍ਰਿਮ ਪਰਾਤੀ॥ ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ॥੧॥ (ਵਾਰ 27 ਪਉੜੀ)

ਕਿਸੇ ਨੂੰ ਪ੍ਰਕ੍ਰਿਤੀ ਵਿਚੋਂ ਈਸ਼ਵਰ ਨਜ਼ਰ ਆ ਜਾਂਦਾ ਹੈ, ਪਰ ਈਸ਼ਵਰ (ਨਿਰੰਕਾਰ) ਨਿਰ ਆਕਾਰ ਹੈ,ਉਸ ਦਾ ਕੋਈ ਆਕਾਰ ਨਹੀਂ, ਅਰਥਾਤ ਉਹ ਕਿਸੇ ਜੂਨ ਵਿਚ ਨਹੀਂ (ਅਜੂਨੀ) ਹੈ, ਉਹ ਕਿਸੇ ਰੂਪ ਜਾਂ ਰੰਗ ਵਿਚ ਨਹੀਂ, ਜਿਸ ਤਰ੍ਹਾਂ ਦਸਮ ਪਾਤਸ਼ਾਹ ਜਾਪ ਸਾਹਿਬ ਵਿਚ ਫੁਰਮਾਨ ਕਰਦੇ ਹਨ (ਚੱਕ੍ਰ ਚਿਹਨ ਅਰੁ ਬਰਨ ਜਾਤਿ, ਅਰਜੁ ਪਾਤਿ ਨਹਿਨ ਜਿਹ॥ ਰੂਪ ਰੰਗ ਅਰੁ ਰੇਖ ਭੇਖ, ਕੋਊ ਕਹਿ ਨ ਸਕਤ ਕਿਹ) ਈਸ਼ਵਰ ਦਾ ਕੋਈ ਰੂਪ ਰੰਗ ਜਾਂ ਜਾਤ ਪਾਤ ਨਹੀਂ, ਉਹ ਨਾ ਜੰਮਦਾ, ਨਾ ਮਰਦਾ ਹੈ, ਉਹ (ਅਕਾਲ ਮੂਰਤਿ) ਹੈ, ਉਹ ਐਸੀ ਹਸਤੀ ਹੈ ਜੋ (ਕਾਲ) ਸਮੇਂ ਵਿਚ ਨਹੀਂ ਆਂਵਦੀ, ਸਮੇਂ ਵਿਚ ਉਹੀ ਚੀਜ਼ ਆਉਂਦੀ ਹੈ, ਜੋ ਬਣੀ ਹੋਈ ਹੁੰਦੀ ਹੈ,ਜੋ ਪੈਦਾ ਹੋਈ ਹੁੰਦੀ ਹੈ ਅਤੇ ਜੋ ਪੈਦਾ ਹੋਈ ਹੈ, ਬਣੀ ਹੋਈ ਹੈ, ਉਹ ਖਤਮ ਵੀ ਹੁੰਦੀ ਹੈ, ਕਿਉਂਕਿ ਉਹ (ਕਾਲ) ਸਮੇਂ ਵਿਚ ਆ ਗਈ ਹੈ। ਜੋ ਪੈਦਾ ਹੀ ਨਹੀਂ ਹੋਈ, ਜਿਸ ਦਾ ਜਨਮ ਹੀ ਨਹੀਂ ਹੋਇਆ, ਜੋ ਬਣੀ ਹੀ ਨਹੀਂ, ਉਹ ਖਤਮ ਕਿਥੋਂ ਹੋਏਗੀ? ਈਸ਼ਵਰ ਵੀ ਬਣਿਆ ਹੋਇਆ ਨਹੀਂ, ਉਹ ਕਿਸੇ ਰੂਪ ਜਾਂ ਰੰਗ ਵਿਚ ਨਹੀਂ, ਉਹ ਤਾਂ ਨਿਰਗੁਣ ਨਿਰ ਆਕਾਰ (ਨਿਰੰਕਾਰ) ਸਰੂਪ ਹੈ, ਪਰ ਉਹ ਸਾਰੀ ਪ੍ਰਕ੍ਰਿਤੀ ਅਤੇ ਸਾਰੀ ਸ੍ਰਿਸ਼ਟੀ ਦੇ ਅੰਦਰ ਸਰਗੁਣ ਸਰੂਪ ਹੋ ਕੇ ਵਿਚਰ ਰਿਹਾ ਹੈ, ਸ੍ਰਿਸ਼ਟੀ ਦੇ ਸਾਰੇ ਜੀਵ ਈਸ਼ਵਰ ਦੇ ਸਰਗੁਣ ਸਰੂਪ ਹਨ, ਜਿਸ ਤਰ੍ਹਾਂ ਸਤਿਗੁਰ ਬਾਣੀ ਵਿਚ ਗਵਾਹੀ ਭਰਦੇ ਹਨ (ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ, ਸੁ ਬਿਨ ਹਰਿ ਜਾਪਤ ਹੈ ਨਹੀਂ ਹੋਰ।੩) ਮਲਾਰ ਮ: ੪ ਪੰਨਾ 1265) ਸਿਰਫ ਉਸ ਦਾ ਸਰੂਪ ਪਹਿਚਾਨਣ ਵਾਲੀ ਦ੍ਰਿਸ਼ਟੀ ਚਾਹੀਦੀ ਹੈ ਅਤੇ ਈਸ਼ਵਰ ਦਾ ਸਰਗੁਣ ਸਰੂਪ ਹੈ ਆਵਾਜ਼, ਇਸੇ ਨੂੰ ਹੀ ਨਾਦ ਕਹਿੰਦੇ ਹਨ, ਇਸੇ ਨੂੰ ਹੀ ਸ਼ਬਦ ਕਹਿੰਦੇ ਹਨ, ਸੋ ਜਿਸ ਦਾ ਪ੍ਰਭੂ ਈਸ਼ਵਰ ਨਾਲ ਪਿਆਰ ਪੈ ਜਾਵੇ, ਉਸ ਨਾਲ ਇਸ਼ਕ ਹੋ ਜਾਵੇ, ਉਸ ਦੇ ਅੰਦਰੋਂ ਫਿਰ ਪ੍ਰਭੂ ਆਪਣਾ ਸਰਗੁਣ ਸਰੂਪ ਪ੍ਰਗਟ ਕਰਦਾ ਹੈ ਅਤੇ ਸਰਗੁਣ ਸਰੂਪ ਹੋ ਕੇ ਨਾਦ ਰਾਹੀਂ, ਸ਼ਬਦ ਰਾਹੀਂ ਅਤੇ ਸੁਰ ਰਾਹੀਂ ਉਹ ਭਗਤਾਂ ਦੇ ਅੰਦਰੋਂ, ਗੁਰੂਆਂ ਅਤੇ ਅਵਤਾਰਾਂ ਅਤੇ ਪੈਗੰਬਰਾਂ ਦੇ ਅੰਦਰੋਂ ਅਤੇ ਆਸ਼ਕਾਂ ਦੇ ਅੰਦਰ ਕਾਵ ਰਚਨਾ ਅਤੇ ਸੁਰ ਰਾਹੀਂ ਸੰਗੀਤ ਰਾਗ ਬਣ ਕੇ, ਕ੍ਰਿਸ਼ਨ ਭਗਵਾਨ ਦੀ ਬਾਂਸੁਰੀ (ਮੁਰਲੀ) ਰਾਹੀਂ ਗੂੰਜਦਾ ਹੈ ਅਤੇ ਕ੍ਰਿਸ਼ਨ ਦੇ ਮੁੱਖ ਤੋਂ ਗੀਤਾ ਬਣ ਕੇ ਨਿਕਲਦਾ ਹੈ ਤੇ ਕਦੇ ਉਹ ਬ੍ਰਹਮ ਦੇਵ ਜੀ ਦੇ ਮੁੱਖ ਤੋਂ ਵੇਦ ਬਣ ਕੇ ਪ੍ਰਗਟ ਹੁੰਦਾ ਹੈ ਅਤੇ ਕਦੇ ਮੁਹੰਮਦ ਸਾਹਿਬ ਦੀ ਰਸਨਾ ਤੋਂ ਕੁਰਾਨ ਦੀ ਆਇਤ (ਅਤੇ ਅਜਾਨ) ਬਣ ਕੇ ਗੂੰਜਦਾ ਹੈ ਅਤੇ ਕਦੇ ਗੁਰੂ ਸਾਹਿਬਾਨ ਦੀ ਰਸਨਾ ਤੋਂ ਬਾਣੀ ਦੇ ਸ਼ਬਦ ਬਣ ਕੇ ਸੰਗੀਤ ਬਣ ਕੇ ਰਾਗ ਬਣ ਕੇ ਪ੍ਰਗਟ ਹੋ ਜਾਂਦਾ ਹੈ ਅਤੇ ਉਹ ਰਾਂਝੇ ਦੀ ਮੁਰਲੀ ਤੋਂ ਸੰਗੀਤ ਬਣ ਕੇ ਗੂੰਜ ਜਾਂਦਾ ਹੈ।

ਸੋ ਜਿਸ ਨੂੰ ਇਸ਼ਕ ਹੋ ਜਾਂਦਾ ਹੈ, ਉਸ ਦੇ ਅੰਦਰੋਂ ਹੀ ਗੀਤ ਪੈਦਾ ਹੁੰਦੇ ਹਨ ਅਤੇ ਇਹ ਗੀਤ ਕਈ ਤਰ੍ਹਾਂ ਦੇ ਅਤੇ ਕਈ ਪ੍ਰਕਾਰ ਦੇ ਹੁੰਦੇ ਹਨ (ਪ੍ਰੇਮ ਦੇ ਗੀਤ, ਬਿਰਹਾ ਦੇ ਗੀਤ, ਮਿਲਾਪ ਦੇ ਗੀਤ, ਸਮਾਜਿਕ ਗੀਤ ਅਤੇ ਸਮਾਜਿਕ ਬੁਰਾਈਆਂ ਦੇ ਗੀਤ, ਯਥਾਰਥ ਦੇ ਗੀਤ, ਫਰਕ ਸਿਰਫ ਇਤਨਾ ਹੈ ਕਿ ਜਿਹੜੇ ਗੀਤ ਆਸ਼ਕਾਂ ਦੀ ਰਚਨਾਂ ਤੋਂ ਨਿਕਲਦੇ ਹਨ, ਉਹਨਾਂ ਨੂੰ ਅਸੀਂ ਪ੍ਰੇਮ ਗੀਤ ਕਹਿ ਦੇਂਦੇ ਹਾਂ ਅਤੇ ਜਿਹੜੇ ਗੀਤ ਗੁਰੂ ਅਵਤਾਰਾਂ ਤੇ ਭਗਤਾਂ ਦੀ ਰਸਨਾਂ ਤੋਂ ਨਿਕਲਦੇ ਹਨ ਉਹਨਾਂ ਨੂੰ ਅਸੀਂ ਗੁਰਬਾਣੀ ਕਹਿ ਦਿੰਦੇ ਹਾਂ।

ਸੋ ਇਸੇ ਤਰ੍ਹਾਂ ਦੇ ਗੀਤ ਤੇ ਸੰਗੀਤ, ਗੁਰੂ ਨਾਨਕ ਸਾਹਿਬ ਅਤੇ ਸਾਰੇ ਗੁਰੂ ਸਾਹਿਬਾਂ ਦੀ ਰਸਨਾਂ ਤੋਂ ਪ੍ਰਗਟ ਹੋਏ, ਭਗਤਾਂ ਦੀ ਰਸਨਾਂ ਤੋਂ ਪ੍ਰਗਟ ਹੋਏ, ਇਹ ਸਭੇ ਗੀਤ ਪ੍ਰਮਾਤਮਾ ਦੇ ਬੋਲ ਸਨ, ਉਹਨਾਂ ਦੇ ਅੰਦਰੋਂ ਪ੍ਰਗਟ ਹੋਏ, ਜੋ ਪ੍ਰਮਾਤਮਾ ਦੇ, ਜੋ ਈਸ਼ਵਰ ਦੇ ਆਸ਼ਕ ਸਨ, ਈਸ਼ਵਰ ਦੇ ਭਗਤ ਸਨ, ਇਸੇ ਕਰਕੇ ਸਤਿਗੁਰ ਜੀ ਨੇ ਇਹ ਫੁਰਮਾਨ ਕੀਤਾ ਹੈ (ਧੁਰ ਦੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ) ਸੋਰਠਿ ਮ: ੫ ਪੰਨਾ 628) ਸੋ ਇਹ ਪ੍ਰੇਮ ਦੇ ਗੀਤ ਉਹਨਾਂ ਦੇ ਅੰਦਰੋਂ ਹੀ ਪ੍ਰਗਟ ਹੁੰਦੇ ਹਨ, ਜਿਹਨਾਂ ਨੂੰ ਪ੍ਰਭੂ ਨਾਲ ਪਿਆਰ ਹੋ ਗਿਆ ਹੋਵੇ, ਇਸੇ ਕਰਕੇ ਦਸਮ ਪਾਤਸ਼ਾਹ ਜੀ ਨੇ ਇਹ ਗਲ ਠੋਕ ਵਜਾ ਕੇ ਕਹਿ ਦਿੱਤੀ ਕਿ (ਸਾਚ ਕਹੇ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਹੀ ਪ੍ਰਭਿ ਪਾਇਓ)

ਸੋ ਇਸੇ ਪ੍ਰੇਮ ਦੇ ਵਿਚ ਆ ਕੇ ਹੀ, ਗੁਰੂ ਨਾਨਕ ਜੀ ਦੇ ਅੰਦਰੋਂ, ਕਾਵਿ ਰੂਪ ਵਿਚ ਬਾਣੀ ਪ੍ਰਗਟ ਹੋਈ ਤੇ ਰਾਗ ਸੰਗੀਤ ਕੀਰਤਨ ਪੈਦਾ ਹੋਇਆ ਤੇ ਇਸ ਕੀਰਤਨ ਵਿਚ ਇਤਨਾ ਰਸ ਸੀ। ਇਤਨਾ ਆਨੰਦ ਸੀ ਕਿ ਜਿੱਥੇ ਜਿੱਥੇ ਇਹ ਆਵਾਜ਼ ਪਹੁੰਚੀ ਅਤੇ ਜਿਹਨਾਂ ਜਿਹਨਾਂ ਨੇ ਇਹ ਆਵਾਜ਼ ਸੁਣੀ ਉਹ ਮੰਤਰ ਮੁਗਧ ਹੋ ਗਏ, ਉਥੇ ਸਾਰੀ ਕਾਇਨਾਤ ਸੁਹਾਵਣੀ ਹੋ ਗਈ, ਵਾਤਾਵਰਣ ਹੀ ਸੁਗੰਧਤ ਤੇ ਸੁਹਾਵਣਾ ਹੋ ਜਾਂਦਾ ਸੀ, ਗੁਰੂ ਨਾਨਕ ਦਾ ਕੀਰਤਨ ਸੁਣ ਕੇ (ਠੱਗ ਸੱਜਣ ਬਣ ਗਏ, ਡਾਕੂ ਤੇ ਚੋਰ ਸਾਧ ਬਣ ਗਏ, ਅਤੇ ਰਾਖਸ਼ ਵੀ ਦੇਵਤੇ ਬਣ ਗਏ, ਪੱਥਰ ਮੋਮ ਹੋ ਗਏ, ਕੌੜ ਫਲ ਰੀਠੇ ਮਿੱਠੇ ਹੋ ਗਏ, ਬਗਦਾਦ ਵਿਚ ਜੋ ਲੋਕ ਸਤਿਗੁਰ ਜੀ ਨੂੰ ਪੱਥਰ ਮਾਰਨ ਆਏ, ਉਹ ਗੁਰੂ ਨਾਨਕ ਦੀ ਮਿੱਠੀ ਆਵਾਜ਼ ਸੁਣ ਕੇ ਸੁੰਨ ਹੋ ਗਏ, ਪੱਥਰ ਮਾਰਨੇ ਹੀ ਭੁੱਲ ਗਏ। ਭਾਈ ਗੁਰਦਾਸ ਜੀ ਗਵਾਹੀ ਭਰਦੇ ਹਨ (ਸੁੰਨ ਮੁੰਨ ਨਗਰੀ ਭਈ, ਦੇਖ ਪੀਰ ਭਇਆ ਹੈਰਾਨਾ) ਅਤੇ ਜਿੱਥੇ ਜਿੱਥੇ ਗੁਰੂ ਨਾਨਕ ਦੀ ਆਵਾਜ਼ ਪਹੁੰਚਦੀ ਸੀ, ਉਹ ਸੁੱਕੇ ਬਾਗ਼ ਹਰੇ ਹੋ ਜਾਂਦੇ ਹਨ ਅਤੇ ਜੰਗਲ ਦੇ ਜੀਵ ਸਭ ਪਸ਼ੂ ਪੰਛੀ, ਗੁਰੂ ਨਾਨਕ ਦੀ ਆਵਾਜ਼ ਸੁਣ ਕੇ ਆ ਜਾਂਦੇ ਸਨ ਅਤੇ ਸਾਹਮਣੇ ਬੈਠ ਕੇ ਮੰਤਰ ਮੁਗਧ ਹੋਏ ਸਤਿਗੁਰ ਦਾ ਸੰਗੀਤ ਸੁਣਦੇ ਸਨ। ਪਿਆਰੇ ਪਾਠਕੋ! ਜਰਾ ਧਿਆਨ ਨਾਲ ਸੋਚਣਾ ਕਿ ਸਤਿਗੁਰ ਜੀ ਦੀ ਆਵਾਜ਼ ਕਿਤਨੀ ਮਿੱਠੀ ਹੋਵੇਗੀ ਕਿੰਨੀ ਰਸਭਰੀ ਹੋਵੇਗੀ, ਕਿਤਨਾ ਪ੍ਰੇਮ ਸੀ, ਫਿਰ ਸਭ ਤੋਂ ਵੱਡੀ ਗਲ ਇਹ ਹੈ ਕਿ ਅਸੀਂ ਅੱਜ ਦੇ ਰਾਗੀ ਤੇ ਅੱਜ ਦੇ ਸੰਗੀਤਕਾਰ, ਜਿਹਨਾਂ ਕੋਲ ਬੜੀਆਂ ਬੜੀਆਂ ਡਿਗਰੀਆਂ ਵੀ ਹਨ ਅਤੇ ਅਸੀਂ ਕਈ ਕਈ ਸਾਜ਼ ਵਜਾ ਕੇ ਵੀ ਉਹ ਰਸ ਪੈਦਾ ਨਹੀਂ ਕਰ ਸਕਦੇ, ਅਸੀਂ ਤਾਂ ਆਪਣੇ ਸੰਗੀਤ ਨਾਲ ਮਨੁੱਖਾਂ ਨੂੰ ਵੀ

ਪ੍ਰਭਾਵਿਤ ਨਹੀਂ ਕਰ ਸਕਦੇ, ਜਦ ਦਿ ਸਤਿਗੁਰ ਜੀ ਤਾਂ ਜਾਨਵਰਾਂ ਤੇ ਪਸ਼ੂਆਂ ਤੇ ਜੜ ਅਤੇ ਚੇਤਨ, ਸਭ ਨੂੰ ਹੀ ਪ੍ਰਭਾਵਿਤ ਕਰ ਲੈਂਦੇ ਸਨ, ਇਹ ਕੋਈ ਮੈਸ ਮਰੇਜ਼ਮ ਜਾਂ ਕੋਈ ਜਾਦੂ ਟੂਣਾ ਨਹੀਂ ਸੀ ਤੇ ਨਾ ਹੀ ਕਰਾਮਾਤ ਸੀ, ਇਹ ਸਿਰਫ ਪ੍ਰੇਮ ਭਗਤੀ ਸੀ, ਵਾਹਿਗੁਰੂ ਦਾ ਇਸ਼ਕ ਸੀ, ਵਾਹਿਗੁਰੂ ਨਾਲ ਪ੍ਰੇਮ ਸੀ, ਇਸੇ ਨੂੰ ਹੀ ਸਿਮਰਨ ਕਹਿੰਦੇ ਹਨ, ਇਹੀ ਅਸਲੀ ਸਿਮਰਨ ਹੈ।

ਇਹ ਸਿਮਰਨ ਨਹੀਂ ਜੋ ਅਸੀਂ ਲੋਕ ਕਰਦੇ ਹਾਂ, ਸਵੇਰੇ ਉੱਠ ਕੇ ਧਰਮ ਅਸਥਾਨਾਂ ਤੇ ਗੁਰਦੁਆਰੇ ਤੇ ਮੰਦਰਾਂ ਤੇ ਸਪੀਕਰ ਲਾ ਕੇ, ਭਗਤੀ ਸੰਗੀਤ ਦੀ ਦੁਹਾਈ ਪਾਈ ਹੁੰਦੀ ਹੈ, ਉੱਚੀ ਉੱਚੀ ਵਾਹਿਗੁਰੂ ਵਾਹਿਗੁਰੂ ਤੇ ਰਾਮ ਰਾਮ ਦਾ ਰੌਲਾ ਪਾ ਕੇ ਸਾਰੇ ਮੁਹੱਲੇ ਤੇ ਸਾਰੇ ਪਿੰਡ ਤੇ ਸਾਰੇ ਸ਼ਹਿਰ ਨੂੰ ਵਖਤ ਪਾਇਆ ਹੁੰਦਾ ਹੈ, ਇਹ ਕੋਈ ਭਗਤੀ ਨਹੀਂ, ਇਹ ਸਿਮਰਨ ਨਹੀਂ, ਇਹ ਤਾਂ ਅਸੀਂ ਭਗਤੀ ਦੀ ਪ੍ਰਦਰਸ਼ਨੀ ਕਰਦੇ ਹਾਂ ਕਿ ਲੋਕਾਂ ਨੂੰ ਪਤਾ ਲੱਗੇ ਕਿ ਅਸੀਂ ਬੜੇ ਵੱਡੇ ਭਗਤ ਹਾਂ। ਪਰ ਵਾਸਤਵ ਵਿਚ ਤਾਂ ਅਸੀਂ ਭਗਤੀ ਅਤੇ ਸਿਮਰਨ ਦੇ ਨੇੜੇ ਤੇੜੇ ਵੀ ਨਹੀਂ ਪਹੁੰਚੇ, ਸੋ ਗੁਰਸਿੱਖ ਸਾਧ ਸੰਗਤ ਤੇ ਸੰਗੀਤ ਪ੍ਰੇਮੀਓ, ਉਹ ਸਿਮਰਨ ਕਰੋ, ਜੋ ਗੁਰੂ ਨਾਨਕ ਜੀ ਨੇ ਕੀਤਾ ਹੈ ਅਤੇ ਭਗਤਾਂ ਨੇ ਕੀਤਾ ਹੈ

425, ਸਿਮਰਨ ਨਿਵਾਸ, ਨਿਊ ਬਸੰਤ ਬਿਹਾਰ, ਕਾਕੋਵਾਲ ਰੋਡ, ਲੁਧਿਆਣਾ, ਫੋਨ 9780708747

## POSITIVE THINKING

* Worries and tensions are like birds. We cannot stop them from flying around us but we can certainly stop them from making a nest in our heads.
* Never try to defeat people, just try to win them.
* Forgiveness means letting go of a hurtful situation and moving on with your own happiness.
* When someone trusts you blindly never prove that he is blind.
* Relationship should have the determination like sandalwood which never loses its fragrance even if it is broken into thousand pieces.

*With best Compliments from a Well Wisher*

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਰਾਗ ਸਾਰੰਗ

ਡਾ. ਨਰਿੰਦਰ ਕੌਰ

ਥਾਟ - ਕਾਫੀ, ਜਾਤੀ - ਔਡਵ, ਸੁਰ - ਦੋਨੋ ਨਿਸ਼ਾਦ, ਬਾਕੀ ਸੁਰ ਸ਼ੁੱਧ।
ਵਾਦੀ - ਰੇ, ਸੰਵਾਦੀ - ਪ, ਸਮਾਂ - ਦਿਨ ਦਾ ਤੀਜਾ ਪਹਿਰ
ਅਰੋਹ - ਸ ਰੇ ਮ ਪ, ਨੀ ਸੰ।ਅਵਰੋਹ - ਸੰ ਨੀ ਪ, ਮ ਰੇ, ਸ ।ਪਕੜ - ਨ਼ੀ ਸ ਰੇ, ਮ ਰੇ, ਪ ਮ ਰੇ, ਸ ।

## ਰਾਗ ਸਾਰੰਗ - ਤਿੰਨ ਤਾਲ (ਮੱਧ ਲੈਅ)

### ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | ਮ | ਪ | ਨੀ | ਸੰ | ਨ਼ੀ | ਪ | ਮ | ਰੇ | ਨ਼ੀ | ਸ |
| | | | | | | ਠਾ | ਕੁਰ | ਤੁ | ਮ | ਸ | ਰ | ਨਾ | ऽ | ਈ | ऽ |
| ਰੇ | – | ਮ | – | ਪ | – | – | – | – | ਰੇ | ਰੇ | ਸ | ਰੇ | ਮ | ਪ | ਨ਼ੀ |
| ਆ | ऽ | ऽ | ऽ | ਇਆ | ऽ | ऽ | ऽ | ऽ | ਉਤੁ | ਰ | ਗ | ਇਉ | ऽ | ਮੇ | ਰੇ |
| ਪ | ਮ | ਰੇ | ਸ | ਰੇ | ਨ਼ੀ | ਸ | – | – | ਨੀ | ਨੀ | ਨੀ | ਸੰ | ਸੰ | ਸੰ | ਸੰ |
| ਮ | ਨ | ਕਾ | ऽ | ਸੰ | ऽ | ਸਾ | ऽ | ऽ | ਜ | ਬ | ਤੇ | ਦ | ਰ | ਸ | ਨ |
| ਨੀ | ਸੰ | ਨ਼ੀਸੰ | ਰੇਂਸੰ | ਨ਼ੀ | – | ਪ | – | – | ਨੀ | ਨੀ | ਨੀ | ਸੰ | ਸੰ | ਸੰ | ਸੰ |
| ਪਾ | ऽ | ऽऽ | ऽऽ | ਇਆ | ऽ | ऽ | ऽ | ऽ | ਜ | ਬ | ਤੇ | ਦ | ਰ | ਸ | ਨ |
| ਨੀ | ਸੰ | ਨ਼ੀਂਸ | ਰੇਂਸੰ | ਨ਼ੀ | ਪ | | | | | | | | | | |
| ਪਾ | ऽ | ऽऽ | ऽऽ | ਇਆ | ऽ | | | | | | | | | | |

### ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | – | ਮ | ਮ | – | ਪ | ਪ | ਨੀ | ਨੀ |
| | | | | | | | | ऽ | ਅਨ | ਬੋ | ऽ | ਲ | ऽ | ਮੇ | ਰੀ |
| ਸੰ | ਸੰ | ਸੰ | – | ਰੇਂ | ਨੀ | ਸੰ | – | – | ਨੀ | ਨੀ | ਨੀ | ਸੰ | – | ਸੰ | ਸੰ |
| ਬਿ | ਰ | ਥਾ | ऽ | ਜਾ | ऽ | ਨੀ | ऽ | ऽ | ਅ | ਪ | ਨਾ | ਨਾ | ऽ | ਮ | ਜ |
| ਨੀ | ਸੰ | ਨ਼ੀਸੰ | ਰੇਂਸੰ | ਨ਼ੀ | – | ਪ | – | – | ਮ | ਮ | – | ਪ | – | ਨੀ | ਨੀ |
| ਪਾ | ऽ | ऽऽ | ऽऽ | ਇਆ | ऽ | ऽ | ऽ | ऽ | ਦੁਖ | ਨਾ | ऽ | ਠੇ | ऽ | ਸੁ | ਖ |
| ਸੰ | ਸੰ | ਸੰ | ਸੰ | ਰੇਂ | ਨੀ | ਸੰ | – | – | ਨ਼ੀਸੰ | ਰੇਂ | ਸੰ | ਰੇਂ | ਰੇਂ | ਸੰ | ਸੰ |
| ਸ | ਹ | ਜ | ਸ | ਮਾ | ऽ | ਏ | ऽ | ऽ | ਅਨ | ਦ | ਅ | ਨ | ਦ | ਗੁ | ਣ |
| ਨੀ | ਸੰ | ਨ਼ੀਸੰ | ਰੇਂਸੰ | ਨ਼ੀ | – | ਪ | – | – | ਨੀ | ਨੀ | ਨੀ | ਸੰ | ਸੰ | ਸੰ | ਸੰ |
| ਗਾ | ऽ | ऽऽ | ऽऽ | ਇਆ | ऽ | ऽ | ऽ | ऽ | ਅਨ | ਦ | ਅ | ਨ | ਦ | ਗੁ | ਣ |
| ਨੀ | ਸੰ | ਨ਼ੀਸੰ | ਰੇਂਸੰ | ਨੀ | ਪ | | | | | | | | | | |
| ਗਾ | ऽ | ऽऽ | ऽऽ | ਇਆ | ऽ | | | | | | | | | | |

- ਬਾਕੀ ਦੇ ਅੰਤਰੇ ਇਸੇ ਧੁਨ ਤੇ ।
- ਗੁਰਬਾਣੀ ਕੀਰਤਨ ਵਿਚ ਇਹ ਇਕ ਆਮ ਪ੍ਰਚਲਤ ਧੁਨ ਹੈ। ਇਸ ਤਰਜ਼ ਤੇ ਸਾਰੰਗ ਰਾਗ ਦੇ ਹੋਰ ਕਈ ਸ਼ਬਦਾਂ ਦਾ ਗਾਇਨ ਵੀ ਕੀਤਾ ਜਾ ਸਕਦਾ ਹੈ।

– ਆਰੀਆ ਕਾਲਜ, ਪਠਾਨਕੋਟ।

ਅੰਗ ੧੨੧੯

ਸਾਰਗ ਮਹਲਾ ੫ ॥

Saarang, Fifth Mehl:

ਠਾਕੁਰ ਤੁਮ੍ ਸਰਣਾਈ ਆਇਆ ॥

O my Lord and Master, I have come to Your Sanctuary.

ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥

The anxiety of my mind departed, when I gazed upon the Blessed Vision of Your Darshan. ||1||Pause||

ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥

You know my condition, without my speaking. You inspire me to chant Your Name.

ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥੧॥

My pains are gone, and I am absorbed in peace, poise and bliss, singing Your Glorious Praises. ||1||

ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥

Taking me by the arm, You lifted me up, out of the deep dark pit of household and Maya.

ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥

Says Nanak, the Guru has broken my bonds, and ended my separaation; He has united me with God. ||2||51||74||

1. If you see children Begging anywhere in INDIA , please contact:

"RED SOCIETY" at 9940217816. They will help the children for their studies.

2.Where you can search for any BLOOD GROUP, you will get thousand's of donor address.www.friendstosupport.org

3.Engineering Students can register in www.campuscouncil.com to attend Off Campus for 40 Companies.

4.Free Education and Free hostel for Handicapped/Physically Challenged children.

Contact:- 09842062501 &09894067506.

# MUSICAL INSTRUMENT : VIOLIN



History

It is believed that the violin originated from Italy in the early 1500s. It evolved from the fiddle and rebec, both were bowed string instruments from the Medieval period. The violin also emerged from the lira da braccio, a violin-like instrument of the Renaissance period. The viol, which came before the violin, is also closely related.

It is Andrea Amati who is the known developer of the violin. Amati apprenticed as a lute maker and in 1525, he became a master instrument maker.

The earliest noted violin makers were Gasparo da Salò and Giovanni Maggini, both Italians, but it is during the 17th and early 18th centuries that the art of violin making reached its peak. The Italians Antonio Stradivari and Giuseppe Guarneri as well as the Austrian Jacob Stainer are most noted during this period. Stradivari was an apprentice to Nicolo Amati, Andrea Amati's grandson.

Earliest Form

The earliest form of the violin is very different from that of today. The early violins had a neck that was shorter, thicker and less angled. The fingerboard was likewise shorter, the bridge was flatter and the strings were made of gut.

At first the violin wasn't popular, in fact, it was considered a musical instrument of low status. But by the 1600s such well-known composers as Claudio Monteverdi used the violin in his operas, thus the violins' status grew. The violins' prestige continued to rise during the Baroque period, made more notable by such celebrated figures in music as Antonio Vivaldi and Johann Sebastian Bach.

By the mid-18th century, the violin enjoyed a vital place in instrumental music ensembles. In the 19th century, the violins' rise to fame continued in the hands of virtuoso violinists such as Nicolò Paganini and Pablo de Sarasate. In the 20th century the violin reached new heights both in technical and artistic aspects. Isaac Stern and Fritz Kreisler are some of the well-known icons of this time. Truly, the violin has come a long way.

**By Espie Estrella, About.com Guide**

Postal Regd. No. G/CDH/0045/2012-14 RNI Regd. No. 46788/89 ISSN 0972-2335

ੴ

**ਭਜਹੁ ਗੋਬਿੰਦ**

**BHAJO GOBIND**

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

- Bhajo Gobind
- Kirpa Nidh
- Sahib Nitania ka Taan
- Mere Sahiba

-ਭਜਹੁ ਗੋਬਿੰਦ - ਕ੍ਰਿਪਾ ਨਿਧਿ

- ਸਾਹਿਬ ਨਿਤਾਣਿਆਂ ਕਾ ਤਾਣ - ਮੇਰੇ ਸਾਹਿਬਾ

**DR. JAGIR SINGH**

# 422, Sector 15-A, Chandigarh

Ph : 0172-2772660, 098140 53630

e-mail : drjagirsingh@gmail.com

www.amritkirtan.com

ਇਹ ਸੀ. ਡੀ. ਮੁਫਤ ਪ੍ਰਾਪਤ ਕਰਨ ਲਈ ਆਪਣਾ ਐਡਰੈੱਸ,

ਮੋਬਾਇਲ ਨੰ: 09814053630

ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015

ਮੋਬਾਇਲ : 09814053630

**E-mail : drjagirsingh@gmail.com Website : www.amritkirtan.com**